# ثلاثة الأصول وأدلتها )للحرمين والجمعية(

# ਤਿੰਨ ਉਸੂਲ ਅਤੇ ਉਹਨਾਂ ਦੇ ਸਬੂਤ

# ਤਿੰਨ ਉਸੂਲ ਅਤੇ ਉਹਨਾਂ ਦੇ ਸਬੂਤ

ਸ਼ੇਖ ਮੁਹੰਮਦ ਅਤ-ਤਮੀਮੀ (ਰੱਬ ਉਹਨਾਂ 'ਤੇ ਰਹਿਮ ਕਰੇ)

# ਤਿੰਨ ਬੁਨਿਆਦੀ ਅਸੂਲ ਅਤੇ ਉਹਨਾਂ ਦੇ ਸਬੂਤ

ਸ਼ੇਖ ਮੁਹੰਮਦ ਅਤ-ਤਮੀਮੀ (ਰੱਬ ਉਹਨਾਂ 'ਤੇ ਰਹਿਮ ਕਰੇ)

ਸ਼ੁਰੂ ਅੱਲਾਹ ਦੇ ਨਾਂ ਨਾਲ ਜਿਹੜਾ ਅਤਿਅੰਤ ਮਿਹਰਬਾਨ ਅਤੇ ਰਹਿਮ ਫ਼ਰਮਾਉਣ ਵਾਲਾ ਹੈ।

ਜਾਣ ਲਵੋ - ਅੱਲਾਹ ਤੁਹਾਡੇ 'ਤੇ ਰਹਿਮ ਕਰੇ - ਕਿ ਸਾਡੇ 'ਤੇ ਚਾਰ ਮਸਲਿਆਂ ਨੂੰ ਸਿੱਖਣਾ ਵਾਜਿਬ ਹੈ:

ਪਹਿਲਾ: ਇਲਮ, ਅਤੇ ਇਹ ਹੈ: ਅੱਲਾਹ ਨੂੰ ਜਾਣਨਾ, ਉਸਦੇ ਨਬੀ ਨੂੰ ਜਾਣਨਾ, ਅਤੇ ਦਲੀਲਾਂ ਨਾਲ ਇਸਲਾਮ ਧਰਮ ਨੂੰ ਜਾਣਨਾ।

ਦੂਜਾ: ਇਸ 'ਤੇ ਅਮਲ ਕਰਨਾ।

ਤੀਜਾ: ਇਸ ਵੱਲ ਬੁਲਾਉਣਾ।

ਚੌਥਾ: ਇਸ ਦੀ ਤਕਲੀਫ਼ 'ਤੇ ਸਬਰ ਕਰਨਾ।

ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ: ਬਿਸਮਿੱਲਾਹਿਰ ਰਹਮਾਨਿਰ ਰਹੀਮ

﴿وَٱلۡعَصۡرِ 1 إِنَّ ٱلۡإِنسَٰنَ لَفِي خُسۡرٍ 2 إِلَّا ٱلَّذِينَ ءَامَنُواْ وَعَمِلُواْ ٱلصَّٰلِحَٰتِ وَتَوَاصَوۡاْ بِٱلۡحَقِّ وَتَوَاصَوۡاْ بِٱلصَّبۡرِ 3﴾

ਜ਼ਮਾਨੇ ਦੀ ਸਹੁੰ।

ਬੇਸ਼ੱਕ ਮਨੁੱਖ ਘਾਟੇ ਵਿਚ ਹੈ।

ਛੁੱਟ ਉਹਨਾਂ ਲੋਕਾਂ ਤੋਂ, ਜਿਹੜੇ ਈਮਾਨ ਲਿਆਏ ਅਤੇ ਉਹਨਾਂ ਨੇ ਚੰਗੇ ਕਰਮ ਵੀ ਕੀਤੇ, ਅਤੇ ਇਕ ਦੂਜੇ ਨੂੰ ਹੱਕ ਸੱਚ (ਆਖਣ) ਦੀ

ਨਸੀਹਤ ਕੀਤੀ ਅਤੇ ਇਕ ਦੂਜੇ ਨੂੰ (ਹਰ ਹਾਲ ਵਿਚ) ਸਬਰ ਕਰਨ (ਭਾਵ ਡਟੇ ਰਹਿਣ) ਦੀ ਨਸੀਹਤ ਕੀਤੀ। [ਅਲ-ਅਸਰ:1-3].

ਅਲ-ਸ਼ਾਫ਼ਿਈ, ਰੱਬ ਉਸ ਉੱਤੇ ਰਹਿਮ ਕਰੇ, ਨੇ ਕਿਹਾ: ਜੇਕਰ ਅੱਲਾਹ ਤਆਲਾ ਨੇ ਆਪਣੀ ਮਖਲੂਕ 'ਤੇ ਇਸ ਸੂਰਤ ਤੋਂ ਸਿਵਾਏ ਕੋਈ ਦਲੀਲ ਨਾਜ਼ਿਲ ਨਾ ਕੀਤੀ ਹੁੰਦੀ, ਤਾਂ ਇਹ ਉਨ੍ਹਾਂ ਲਈ ਕਾਫ਼ੀ ਹੋ ਜਾਂਦੀ।

ਅਤੇ ਬੁਖ਼ਾਰੀ (ਰਹਿਮਹੁੱਲਾਹ ਤਆਲਾ) ਨੇ ਫ਼ਰਮਾਇਆ: ਬਾਬ: ਕਹਿਣ ਅਤੇ ਅਮਲ ਤੋਂ ਪਹਿਲਾਂ ਇਲਮ; ਅਤੇ ਦਲੀਲ ਅੱਲਾਹ ਤਆਲਾ ਦਾ ਇਹ ਫ਼ਰਮਾਨ ਹੈ: ﴾ਤਾਂ ਜਾਣ ਲਓ ਕਿ ਅੱਲਾਹ ਤੋਂ ਬਿਨਾਂ ਕੋਈ ਹੋਰ ਪੂਜਾ ਦੇ ਯੋਗ ਨਹੀਂ ਹੈ ਅਤੇ ਆਪਣੇ ਗੁਨਾਹਾਂ ਦੀ ਮਾਫ਼ੀ ਮੰਗੋ...﴿[ਮੁਹੰਮਦ:9], ਤਾਂ ਉਸ (ਅੱਲਾਹ) ਨੇ ਕਹਿਣ ਅਤੇ ਅਮਲ ਤੋਂ ਪਹਿਲਾਂ ਇਲਮ ਨਾਲ ਸ਼ੁਰੂਆਤ ਕੀਤੀ।

ਜਾਣ ਲਵੋ - ਅੱਲਾਹ ਤੁਹਾਡੇ 'ਤੇ ਰਹਿਮ ਕਰੇ -: ਕਿ ਹਰ ਮੁਸਲਮਾਨ ਮਰਦ ਅਤੇ ਔਰਤ ਲਈ ਇਹਨਾਂ ਤਿੰਨ ਮਸਲਿਆਂ ਨੂੰ ਸਿੱਖਣਾ, ਅਤੇ ਉਨ੍ਹਾਂ 'ਤੇ ਅਮਲ ਕਰਨਾ ਜ਼ਰੂਰੀ ਹੈ:

ਪਹਿਲਾ: ਕਿ ਅੱਲਾਹ ਨੇ ਸਾਨੂੰ ਪੈਦਾ ਕੀਤਾ, ਸਾਨੂੰ ਰਿਜ਼ਕ ਦਿੱਤਾ, ਅਤੇ ਸਾਨੂੰ ਬੇਸਹਾਰਾ ਨਹੀਂ ਛੱਡਿਆ; ਸਗੋਂ ਸਾਡੇ ਵੱਲ ਇੱਕ ਰਸੂਲ ਭੇਜਿਆ। ਸੋ ਜਿਸ ਨੇ ਉਸ ਦੀ ਆਗਿਆ ਮੰਨੀ, ਉਹ ਜੰਨਤ ਵਿੱਚ ਦਾਖਲ ਹੋਇਆ, ਅਤੇ ਜਿਸ ਨੇ ਉਸ ਦੀ ਨਾਫਰਮਾਨੀ ਕੀਤੀ, ਉਹ ਅੱਗ ਵਿੱਚ ਦਾਖਲ ਹੋਇਆ।

ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿إِنَّآ أَرۡسَلۡنَآ إِلَيۡكُمۡ رَسُولٗا شَٰهِدًا عَلَيۡكُمۡ كَمَآ أَرۡسَلۡنَآ إِلَىٰ فِرۡعَوۡنَ رَسُولٗا 15 فَعَصَىٰ فِرۡعَوۡنُ ٱلرَّسُولَ فَأَخَذۡنَٰهُ أَخۡذٗا وَبِيلٗا 16﴾

ਬੇਸ਼ੱਕ ਅਸੀਂ ਤੁਹਾਡੇ ਵੱਲ ਇਕ ਰਸੂਲ (ਮੁਹੰਮਦ ਸ:) ਭੇਜਿਆ ਜਿਹੜਾ (ਕਿਆਮਤ ਦਿਹਾੜੇ) ਤੁਹਾਡੇ ਉੱਤੇ ਗਵਾਹ ਹੋਵੇਗਾ, ਜਿਵੇਂ ਅਸੀਂ ਫ਼ਿਰਔਨ ਵੱਲ ਰਸੂਲ ਭੇਜਿਆ ਸੀ।

ਫ਼ਿਰਔਨ ਨੇ ਉਸ ਰਸੂਲ ਦੀ ਨਾਫਰਮਾਨੀ ਕੀਤੀ ਤਾਂ ਅਸੀਂ ਉਸ ਨੂੰ ਕਰੜਾਈ ਨਾਲ ਫੜ ਲਿਆ। [ਅਲ-ਮੁਜ਼ੱਮਿਲ: 15-16].

ਦੂਜਾ: ਅੱਲਾਹ ਇਸ ਗੱਲ ਤੋਂ ਰਾਜ਼ੀ ਨਹੀਂ ਹੁੰਦਾ ਕਿ ਉਸ ਦੀ ਇਬਾਦਤ ਵਿੱਚ ਕਿਸੇ ਨੂੰ ਭਾਗੀ ਬਣਾਇਆ ਜਾਵੇ, ਨਾ ਕੋਈ ਨੇੜੇ ਲਿਆਂਦਾ ਫਰਿਸ਼ਤਾ, ਅਤੇ ਨਾ ਹੀ ਕੋਈ ਭੇਜਿਆ ਗਿਆ ਨਬੀ; ਅਤੇ ਇਸ ਦੀ ਦਲੀਲ ਅੱਲਾਹ ਤਆਲਾ ਦਾ ਇਹ ਫ਼ਰਮਾਨ ਹੈ:

﴿وَأَنَّ ٱلۡمَسَٰجِدَ لِلَّهِ فَلَا تَدۡعُواْ مَعَ ٱللَّهِ أَحَدٗا18﴾

**"ਅਤੇ ਇਹ ਕਿ ਮਸਜਿਦਾਂ ਕੇਵਲ ਅੱਲਾਹ ਲਈ ਹਨ,, ਇਸ ਲਈ ਅੱਲ੍ਹਾਹ ਦੇ ਨਾਲ ਕਿਸੇ ਹੋਰ ਨੂੰ ਨਾ ਪੁਕਾਰੋ।"**18) ਸੂਰਤ ਅਲ-ਜਿੰਨ ਆਇਤ-18)

ਤੀਜਾ: ਜਿਸਨੇ ਰਸੂਲ ਦੀ ਪਾਲਣਾ ਕੀਤੀ ਅਤੇ ਅੱਲਾਹ ਨੂੰ ਇੱਕ ਮੰਨਿਆ; ਉਸ ਲਈ ਅੱਲਾਹ ਅਤੇ ਉਸਦੇ ਰਸੂਲ ਦਾ ਵਿਰੋਧ ਕਰਨ ਵਾਲਿਆਂ ਨਾਲ ਦੋਸਤੀ ਕਰਨਾ ਜਾਇਜ਼ ਨਹੀਂ ਹੈ, ਭਾਵੇਂ ਉਹ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹੀ ਕਿਉਂ ਨਾ ਹੋਵੇ।

ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿لَّا تَجِدُ قَوۡمٗا يُؤۡمِنُونَ بِٱللَّهِ وَٱلۡيَوۡمِ ٱلۡأٓخِرِ يُوَآدُّونَ مَنۡ حَآدَّ ٱللَّهَ وَرَسُولَهُۥ وَلَوۡ كَانُوٓاْ ءَابَآءَهُمۡ أَوۡ أَبۡنَآءَهُمۡ أَوۡ إِخۡوَٰنَهُمۡ أَوۡ عَشِيرَتَهُمۡۚ أُوْلَٰٓئِكَ كَتَبَ فِي قُلُوبِهِمُ ٱلۡإِيمَٰنَ وَأَيَّدَهُم بِرُوحٖ مِّنۡهُۖ وَيُدۡخِلُهُمۡ جَنَّٰتٖ تَجۡرِي مِن تَحۡتِهَا ٱلۡأَنۡهَٰرُ خَٰلِدِينَ فِيهَاۚ رَضِيَ ٱللَّهُ عَنۡهُمۡ وَرَضُواْ عَنۡهُۚ أُوْلَٰٓئِكَ حِزۡبُ ٱللَّهِۚ أَلَآ إِنَّ حِزۡبَ ٱللَّهِ هُمُ ٱلۡمُفۡلِحُونَ22﴾

**"ਤੂੰ ਹਰਗਿਜ਼ ਕੋਈ ਐਸੀ ਕੌਮ ਨਹੀਂ ਲੱਭੇਂਗਾ ਜੋ ਅੱਲ੍ਹਾਹ ਅਤੇ ਆਖ਼ਰੀ ਦਿਨ 'ਤੇ ਇਮਾਨ ਰਖਦੀ ਹੋਵੇ, ਅਤੇ ਉਹ ਅੱਲ੍ਹਾਹ ਅਤੇ ਉਸ ਦੇ ਰਸੂਲ ਦਾ ਵਿਰੋਧ ਕਰਨ ਵਾਲਿਆਂ ਨਾਲ ਦੋਸਤੀ ਕਰਦੇ ਹੋਣ, ਭਾਵੇਂ ਉਹ ਉਨ੍ਹਾਂ ਦੇ ਪਿਉ ਹੋਣ ਜਾਂ ਉਨ੍ਹਾਂ ਦੇ ਪੁੱਤਰ, ਜਾਂ ਉਨ੍ਹਾਂ ਦੇ ਭਰਾ ਜਾਂ ਉਨ੍ਹਾਂ ਦਾ ਕੁਟੁੰਬ ਹੀ ਕਿਉਂ ਨਾ ਹੋਵੇ। ਇਹ ਉਹ ਲੋਕ ਹਨ ਜਿਨ੍ਹਾਂ ਦੇ ਦਿਲਾਂ ਵਿੱਚ ਅੱਲ੍ਹਾਹ ਨੇ ਇਮਾਨ ਲਿਖ ਦਿੱਤਾ ਹੈ ਅਤੇ ਉਨ੍ਹਾਂ ਦੀ ਆਪਣੀ ਵੱਲੋਂ ਰੂਹ ਨਾਲ ਮਦਦ ਕੀਤੀ ਹੈ। ਅਤੇ ਉਹ ਉਨ੍ਹਾਂ ਨੂੰ ਉਹ ਜੰਨਤਾਂ ਵਿੱਚ ਦਾਖ਼ਲ ਕਰੇਗਾ ਜਿਨ੍ਹਾਂ ਦੇ ਹੇਠਾਂ ਨਦੀਆਂ ਵਹਿੰਦੀਆਂ ਹਨ, ਜਿਨ੍ਹਾਂ ਵਿੱਚ ਉਹ ਸਦੀਵ ਰਹਿਣਗੇ। ਅੱਲ੍ਹਾਹ ਉਨ੍ਹਾਂ ਤੋਂ ਰਾਜ਼ੀ ਹੋਇਆ ਅਤੇ ਉਹ ਉਸ ਤੋਂ ਰਾਜ਼ੀ ਹੋਏ। ਇਹ ਲੋਕ ਅੱਲ੍ਹਾਹ ਦੀ ਟੋਲੀ ਹਨ, ਸੁਣ ਲਓ! ਬੇਸ਼ੱਕ ਅੱਲ੍ਹਾਹ ਦੀ ਟੋਲੀ ਹੀ ਕਾਮਯਾਬ ਹੈ।"** [ਸੂਰਤ ਅਲ-ਮੁਜਾਦਿਲਾ 22].

ਜਾਣ ਲਵੋ - ਅੱਲਾਹ ਤੁਹਾਨੂੰ ਆਪਣੀ ਆਗਿਆਕਾਰੀ ਦਾ ਰਾਹ ਦਿਖਾਵੇ -: ਕਿ ਹਨੀਫ਼ੀਅਤ - ਇਬਰਾਹੀਮ ਦਾ ਧਰਮ -: ਇਹ ਹੈ ਕਿ ਤੁਸੀਂ ਦੀਨ ਨੂੰ ਸਿਰਫ਼ ਅੱਲਾਹ ਲਈ ਖਾਲਿਸ ਕਰਦੇ ਹੋਏ, ਉਸ ਇੱਕ ਦੀ ਹੀ ਇਬਾਦਤ ਕਰੋ। ਅਤੇ ਇਸੇ ਦਾ ਅੱਲਾਹ ਨੇ ਸਾਰੇ ਲੋਕਾਂ ਨੂੰ ਹੁਕਮ ਦਿੱਤਾ ਹੈ ਅਤੇ ਇਸੇ ਲਈ ਉਹਨਾਂ ਨੂੰ ਪੈਦਾ ਕੀਤਾ ਹੈ; ਜਿਵੇਂ ਕਿ ਅੱਲਾਹ ਤਾਲਾ ਨੇ ਕਿਹਾ:

﴿وَمَا خَلَقْتُ ٱلْجِنَّ وَٱلْإِنسَ إِلَّا لِيَعْبُدُونِ56﴾

ਮੈਂਨੇ ਜਿੰਨਾਂ ਅਤੇ ਮਨੁੱਖਾਂ ਨੂੰ ਕੇਵਲ ਇਸ ਲਈ ਸਾਜਿਆ ਹੈ ਕਿ ਉਹ ਮੇਰੀ ਹੀ ਬੰਦਗੀ ਕਰਨ। (ਸੂਰਤ ਅੱਜ਼-ਜ਼ਾਰਿਆਤ ਆਯਤ-56) ਅਤੇ "ਮੇਰੀ ਇਬਾਦਤ ਕਰਦੇ ਹਨ" ਦਾ ਅਰਥ ਹੈ: ਮੈਨੂੰ ਇੱਕ ਮੰਨਦੇ ਹਨ।

ਅਤੇ ਸਭ ਤੋਂ ਵੱਡਾ ਹੁਕਮ ਜੋ ਅੱਲਾਹ ਨੇ ਦਿੱਤਾ ਹੈ ਉਹ ਤੌਹੀਦ ਹੈ, ਅਰਥਾਤ: ਕੇਵਲ ਅੱਲਾਹ ਦੀ ਇਬਾਦਤ ਕਰਨੀ।

ਅਤੇ ਸਭ ਤੋਂ ਵੱਡੀ ਮਨਾਹੀ ਸ਼ਿਰਕ ਹੈ, ਅਤੇ ਉਹ ਹੈ: ਉਸ ਦੇ ਨਾਲ ਕਿਸੇ ਹੋਰ ਨੂੰ ਪੁਕਾਰਨਾ।

ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿وَٱعۡبُدُواْ ٱللَّهَ وَلَا تُشۡرِكُواْ بِهِۦ شَيۡـٔٗا...﴾

ਤੁਸੀਂ ਸਾਰੇ ਅੱਲਾਹ ਦੀ ਇਬਾਦਤ ਕਰੋ ਅਤੇ ਉਸ ਦੇ ਨਾਲ ਕਿਸੇ ਹੋਰ ਨੂੰ ਸ਼ਰੀਕ ਨਾ ਬਣਾਓ... (ਸੂਰਤ ਅਨ-ਨਿਸਾ ਆਇਤ-36)

ਤਾਂ ਜੇਕਰ ਤੈਥੋਂ ਪੁੱਛਿਆ ਜਾਵੇ: ਉਹ ਤਿੰਨ ਅਸੂਲ ਕੀ ਹਨ ਜਿਨ੍ਹਾਂ ਦਾ ਜਾਣਨਾ ਮਨੁੱਖ 'ਤੇ ਲਾਜ਼ਮੀ ਹੈ?

ਤਾਂ ਕਹੋ: ਬੰਦੇ ਦਾ ਆਪਣੇ ਰੱਬ, ਆਪਣੇ ਧਰਮ, ਅਤੇ ਆਪਣੇ ਨਬੀ ਮੁਹੰਮਦ ﷺ ਨੂੰ ਪਛਾਣਨਾ।

## [ਪਹਿਲਾ ਮੂਲ]

ਜੇਕਰ ਤੁਹਾਨੂੰ ਪੁੱਛਿਆ ਜਾਵੇ: "ਤੁਹਾਡਾ ਰੱਬ ਕੌਣ ਹੈ?

ਤਾਂ ਕਹੋ: ਮੇਰਾ ਰੱਬ ਅੱਲਾਹ ਹੈ, ਜਿਸ ਨੇ ਮੈਨੂੰ ਉਭਾਰਿਆ ਹੈ ਅਤੇ ਆਪਣੀ ਮਿਹਰ ਨਾਲ ਸਾਰੇ ਸੰਸਾਰ ਨੂੰ ਉਭਾਰਿਆ ਹੈ, ਅਤੇ ਉਹ ਮੇਰਾ ਰੱਬ ਹੈ, ਉਸ ਤੋਂ ਬਿਨਾ ਮੇਰਾ ਕੋਈ ਇਲਾਹ ਨਹੀਂ ਹੈ; ਅਤੇ ਦਲੀਲ ਅੱਲਾਹ ਤਆਲਾ ਦਾ ਫ਼ੁਰਮਾਨ ਹੈ:

﴿ٱلۡحَمۡدُ لِلَّهِ رَبِّ ٱلۡعَٰلَمِينَ 2﴾

ਸਾਰੀਆਂ ਤਾਰੀਫ਼ਾਂ ਤੇ ਸ਼ੁਕਰਾਨੇ ਉਸ ਅੱਲਾਹ ਲਈ ਹਨ ਜਿਹੜਾ ਕੁੱਲ ਜਹਾਨਾਂ ਦਾ ਰੱਬ ਹੈ। 2 (ਸੂਰਤ ਅਲ-ਫ਼ਾਤਿਹਾ ਆਇਤ-2) ਅਤੇ

ਅੱਲਾਹ ਤੋਂ ਸਿਵਾ ਹਰ ਚੀਜ਼ ਆਲਮ ਹੈ, ਅਤੇ ਮੈਂ ਉਸ ਆਲਮ ਵਿੱਚੋਂ ਇੱਕ ਹਾਂ।

ਫੇਰ ਜੇ ਤੁਹਾਡੇ ਤੋਂ ਪੁੱਛਿਆ ਜਾਵੇ ਕਿ ਤੁਸੀਂ ਆਪਣੇ ਰੱਬ ਨੂੰ ਕਿਵੇਂ ਪਛਾਣਿਆ?

ਤਾਂ ਕਹੋ: ਉਸ ਦੀਆਂ ਆਇਤਾਂ ਅਤੇ ਉਸ ਦੀ ਮਖ਼ਲੂਕਾਤ ਦੁਆਰਾ।

ਉਸ ਦੀਆਂ ਨਿਸ਼ਾਨੀਆਂ ਵਿੱਚੋਂ ਰਾਤ, ਦਿਨ, ਸੂਰਜ ਅਤੇ ਚੰਦ ਹਨ।

ਉਸ ਦੀਆਂ ਰਚਨਾਵਾਂ ਵਿਚੋਂ ਹਨ: ਸੱਤ ਅਕਾਸ਼ ਅਤੇ ਜੋ ਵੀ ਉਨ੍ਹਾਂ ਵਿੱਚ ਹੈ, ਸੱਤ ਧਰਤੀਆਂ ਅਤੇ ਜੋ ਵੀ ਉਨ੍ਹਾਂ ਵਿੱਚ ਹੈ, ਅਤੇ ਜੋ ਕੁਝ ਇਨ੍ਹਾਂ ਦੋਵਾਂ ਦੇ ਵਿਚਕਾਰ ਹੈ।

ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿وَمِنۡ ءَايَٰتِهِ ٱلَّيۡلُ وَٱلنَّهَارُ وَٱلشَّمۡسُ وَٱلۡقَمَرُۚ لَا تَسۡجُدُواْ لِلشَّمۡسِ وَلَا لِلۡقَمَرِ وَٱسۡجُدُواْۤ لِلَّهِ ٱلَّذِي خَلَقَهُنَّ إِن كُنتُمۡ إِيَّاهُ تَعۡبُدُونَ37﴾

"ਅਤੇ ਉਸ ਦੀਆਂ ਨਿਸ਼ਾਨੀਆਂ ਵਿੱਚ ਰਾਤ ਅਤੇ ਦਿਨ, ਅਤੇ ਸੂਰਜ ਅਤੇ ਚੰਦ ਹਨ। ਸੂਰਜ ਨੂੰ ਸਜਦਾ ਨਾ ਕਰੋ ਅਤੇ ਨਾ ਹੀ ਚੰਦ ਨੂੰ, ਪਰ ਅੱਲ੍ਹਾਹ ਨੂੰ ਸਜਦਾ ਕਰੋ ਜਿਸ ਨੇ ਇਨ੍ਹਾਂ ਨੂੰ ਪੈਦਾ ਕੀਤਾ ਹੈ, ਜੇ ਤੁਸੀਂ ਉਸੀ ਦੀ ਹੀ ਇਬਾਦਤ ਕਰਦੇ ਹੋ।" [ਸੂਰਤ ਹਾ,ਮੀਮ, ਅਸ-ਸਜਦਾ/ ਫ਼ੁੱਸਿਲਤ: 37]

ਅਤੇ ਰੱਬ ਤਆਲਾ ਦਾ ਫ਼ਰਮਾਨ:

﴿إِنَّ رَبَّكُمُ ٱللَّهُ ٱلَّذِي خَلَقَ ٱلسَّمَٰوَٰتِ وَٱلۡأَرۡضَ فِي سِتَّةِ أَيَّامٖ ثُمَّ ٱسۡتَوَىٰ عَلَى ٱلۡعَرۡشِۖ يُغۡشِي ٱلَّيۡلَ ٱلنَّهَارَ يَطۡلُبُهُۥ حَثِيثٗا وَٱلشَّمۡسَ وَٱلۡقَمَرَ وَٱلنُّجُومَ مُسَخَّرَٰتِۭ بِأَمۡرِهِۦٓۗ أَلَا لَهُ ٱلۡخَلۡقُ وَٱلۡأَمۡرُۗ تَبَارَكَ ٱللَّهُ رَبُّ ٱلۡعَٰلَمِينَ54﴾

"ਨਿਸ਼ਚੇ ਹੀ ਤੁਹਾਡਾ ਰੱਬ ਅੱਲ੍ਹਾਹ ਹੈ ਜਿਸ ਨੇ ਆਸਮਾਨਾਂ ਅਤੇ ਧਰਤੀ ਨੂੰ ਛੇ ਦਿਨਾਂ ਵਿੱਚ ਪੈਦਾ ਕੀਤਾ, ਫਿਰ ਅਰਸ਼ 'ਤੇ ਕਾਇਮ

ਹੋਇਆ। ਉਹ ਰਾਤ ਨਾਲ ਦਿਨ ਨੂੰ ਢੱਕਦਾ ਹੈ ਜੋ ਉਸ ਦੇ ਪਿੱਛੇ ਤੇਜ਼ੀ ਨਾਲ ਦੌੜਦਾ ਹੈ, ਅਤੇ ਸੂਰਜ, ਚੰਦ ਅਤੇ ਤਾਰੇ — ਸਭ ਉਸ ਦੇ ਹੁਕਮ ਨਾਲ ਮੁਸੱਭਰ ਕੀਤੇ ਹੋਏ ਹਨ। ਸੁਣ ਲਓ! ਸਿਰਫ਼ ਉਸ ਦੀ ਹੀ ਰਚਨਾ ਹੈ ਅਤੇ (ਉਸ ਦਾ ਹੀ) ਹੁਕਮ ਹੈ। ਬੜੀ ਬਰਕਤ ਵਾਲਾ ਹੈ ਅੱਲ੍ਹਾਹ, ਜੋ ਸਭ ਜਹਾਨਾਂ ਦਾ ਰੱਬ ਹੈ।" (ਸੂਰਤ ਅਲ-ਆਰਾਫ਼ ਆਇਤ:54)

ਅਤੇ ਰੱਬ ਹੀ ਮਾਬੂਦ ਹੈ; ਅਤੇ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿يَٰٓأَيُّهَا ٱلنَّاسُ ٱعۡبُدُواْ رَبَّكُمُ ٱلَّذِي خَلَقَكُمۡ وَٱلَّذِينَ مِن قَبۡلِكُمۡ لَعَلَّكُمۡ تَتَّقُونَ21 ٱلَّذِي جَعَلَ لَكُمُ ٱلۡأَرۡضَ فِرَٰشٗا وَٱلسَّمَآءَ بِنَآءٗ وَأَنزَلَ مِنَ ٱلسَّمَآءِ مَآءٗ فَأَخۡرَجَ بِهِۦ مِنَ ٱلثَّمَرَٰتِ رِزۡقٗا لَّكُمۡۖ فَلَا تَجۡعَلُواْ لِلَّهِ أَندَادٗا وَأَنتُمۡ تَعۡلَمُونَ22﴾

ਹੇ ਲੋਕੋ! ਤੁਸੀਂ ਆਪਣੇ ਉਸ ਰੱਬ ਦੀ ਇਬਾਦਤ ਕਰੋ ਜਿਸ ਨੇ ਤੁਹਾਨੂੰ ਪੈਦਾ ਕੀਤਾ ਹੈ ਅਤੇ ਉਹਨਾਂ ਲੋਕਾਂ ਨੂੰ ਵੀ ਜਿਹੜੇ ਤੁਹਾਥੋਂ ਪਹਿਲਾਂ ਬੀਤ ਚੁੱਕੇ ਹਨ ਤਾਂ ਜੋ ਤੁਸੀਂ ਬੁਰਾਈਆਂ ਤੋਂ ਬਚਣ ਵਾਲੇ ਬਣ ਸਕੋ।

ਉਹ (ਰਬ) ਜਿਸਨੇ ਤੁਹਾਡੇ ਲਈ ਧਰਤੀ ਦਾ ਫ਼ਰਸ਼ ਵਿਛਾਇਆ ਅਤੇ ਅਕਾਸ਼ ਦੀ ਛੱਤ ਬਣਾਈ ਅਤੇ ਉਸੇ ਅਕਾਸ਼ ਤੋਂ ਪਾਣੀ (ਮੀਂਹ) ਉਤਾਰਿਆ, ਉਸੇ ਰਾਹੀਂ (ਧਰਤੀ ਵਿੱਚੋਂ ਅਨੇਕਾਂ ਪ੍ਰਕਾਰ ਦੀ) ਉਪਜ ਕੱਢ ਕੇ ਤੁਹਾਡੇ ਲਈ ਰੋਜ਼ੀ ਦਾ ਪ੍ਰਬੰਧ ਕੀਤਾ ਸੋ ਤੁਸੀਂ ਕਿਸੇ ਹੋਰ ` ਅੱਲਾਹ ਦਾ ਸ਼ਰੀਕ22॥ (ਸਾਂਝੀ) ਨਾ ਬਣਾਉ ਜਦ ਕਿ ਤੁਸੀਂ ਇਸ ਗੱਲ ` ਭਲੀ-ਭਾਂਤ ਜਾਣਦੇ ਵੀ ਹੋ। [ਸੂਰਤ ਅਲ-ਬਕਰਾਹ: 21-22]

ਇਬਨੇ ਕਸੀਰ, ਰੱਬ ਉਸ ਉੱਤੇ ਰਹਿਮ ਕਰੇ, ਨੇ ਕਿਹਾ: ਇਹਨਾਂ ਚੀਜ਼ਾਂ ਦਾ ਖਾਲਿਕ ਹੀ ਇਬਾਦਤ ਦਾ ਹੱਕਦਾਰ ਹੈ।

ਅਤੇ ਇਬਾਦਤ ਦੀਆਂ ਉਹ ਕਿਸਮਾਂ ਜਿਨ੍ਹਾਂ ਦਾ ਅੱਲਾਹ ਨੇ ਹੁਕਮ ਦਿੱਤਾ ਹੈ: - ਜਿਵੇਂ ਕਿ: ਇਸਲਾਮ, ਈਮਾਨ ਅਤੇ ਇਹਸਾਨ। ਅਤੇ ਇਹਨਾਂ ਵਿੱਚੋਂ ਹਨ: ਦੁਆ, ਖ਼ੌਫ਼, ਉਮੀਦ, ਭਰੋਸਾ, ਚਾਹਤ, ਡਰ, ਨਿਮਰਤਾ, ਭੈਅ, ਤੌਬਾ ਕਰਨਾ, ਸਹਾਰਾ ਲੈਣਾ, ਪਨਾਹ ਲੈਣਾ, ਮਦਦ ਮੰਗਣਾ, ਕੁਰਬਾਨੀ, ਨਜ਼ਰ, ਅਤੇ ਇਸ ਤੋਂ ਇਲਾਵਾ ਇਬਾਦਤ ਦੀਆਂ ਹੋਰ ਕਿਸਮਾਂ ਜਿਨ੍ਹਾਂ ਦਾ ਅੱਲਾਹ ਨੇ ਹੁਕਮ ਦਿੱਤਾ ਹੈ - ਇਹ ਸਾਰੀਆਂ ਕੇਵਲ ਅੱਲਾਹ ਤਆਲਾ ਲਈ ਹੀ ਹਨ। ਅਤੇ ਇਸਦਾ ਸਬੂਤ ਅੱਲਾਹ ਤਆਲਾ ਦਾ ਇਹ ਫ਼ਰਮਾਨ ਹੈ:

﴿وَأَنَّ ٱلۡمَسَٰجِدَ لِلَّهِ فَلَا تَدۡعُواْ مَعَ ٱللَّهِ أَحَدٗا18﴾

ਅਤੇ ਇਹ ਵੀ ਕਿ ਮਸੀਤਾਂ ਕੇਵਲ ਅੱਲਾਹ ਲਈ ਹਨ, ਸੋ ਤੁਸੀਂ ਉਹਨਾਂ ਵਿਚ ਅੱਲਾਹ ਦੇ ਨਾਲ ਕਿਸੇ ਹੋਰ ਨੂੰ ਨਾ ਪੁਕਾਰੋ।18 ਸੂਰਤ ਅਲ-ਜਿੰਨ ਆਇਤ-18)

ਇਸ ਲਈ ਜਿਸ ਨੇ ਇਨ੍ਹਾਂ ਵਿੱਚੋਂ ਕੋਈ ਵੀ ਚੀਜ਼ ਅੱਲਾਹ ਤੋਂ ਇਲਾਵਾ ਕਿਸੇ ਹੋਰ ਲਈ ਕੀਤੀ, ਉਹ ਮੁਸ਼ਰਿਕ ਅਤੇ ਕਾਫ਼ਿਰ ਹੈ; ਅਤੇ ਇਸਦੀ ਦਲੀਲ ਅੱਲਾਹ ਤਆਲਾ ਦਾ ਇਹ ਫ਼ਰਮਾਨ ਹੈ:

﴿وَمَن يَدۡعُ مَعَ ٱللَّهِ إِلَٰهًا ءَاخَرَ لَا بُرۡهَٰنَ لَهُۥ بِهِۦ فَإِنَّمَا حِسَابُهُۥ عِندَ رَبِّهِۦٓۚ إِنَّهُۥ لَا يُفۡلِحُ ٱلۡكَٰفِرُونَ117﴾

ਜਿਹੜਾ ਵੀ ਕੋਈ ਅੱਲਾਹ ਦੇ ਨਾਲ-ਨਾਲ ਕਿਸੇ ਦੂਜੇ ਇਲਾਹ ਨੂੰ (ਮਦਦ ਲਈ) ਪੁਕਾਰਦਾ ਹੈ, ਜਿਸ ਲਈ ਉਸ ਦੇ ਕੋਲ ਦਲੀਲ ਵੀ ਨਹੀਂ, ਉਸ ਦੀ ਪੁੱਛ-ਗਿੱਛ ਕਰਨਾ ਰੱਬ ਦੇ ਜ਼ਿੰਮੇ ਹੈ। ਬੇਸ਼ੱਕ ਕਾਫ਼ਿਰ ਲੋਕ ਕਦੇ ਵੀ ਸਫ਼ਲ ਨਹੀਂ ਹੋ ਸਕਦੇ। [ਅਲ-ਮੁਮੀਨੂਨ: 117].

ਅਤੇ ਹਦੀਸ ਵਿੱਚ:

"الدُّعَاءُ مُخُّ العِبَادَةِ".

«ਦੁਆ ਇਬਾਦਤ ਦਾ ਮਗ਼ਜ਼ ਹੈ।»

ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿وَقَالَ رَبُّكُمُ ٱدۡعُونِيٓ أَسۡتَجِبۡ لَكُمۡۚ إِنَّ ٱلَّذِينَ يَسۡتَكۡبِرُونَ عَنۡ عِبَادَتِي سَيَدۡخُلُونَ جَهَنَّمَ دَاخِرِينَ60﴾

ਤੁਹਾਡੇ ਪਾਲਣਹਾਰ ਦਾ ਫ਼ਰਮਾਨ ਹੈ ਕਿ ਮੈਨੂੰ ਹੀ ਪੁਕਾਰੋ, ਮੈਂ ਤੁਹਾਡੀਆਂ ਦੁਆਵਾਂ ਨੂੰ ਕਬੂਲ ਕਰਾਂਗਾ। ਸੱਚ ਜਾਣੋਂ ਕਿ ਜਿਹੜੇ ਲੋਕ ਮੇਰੀ ਬੰਦਗੀ ਕਰਨ ਤੋਂ ਮੂੰਹ ਮੋੜਦੇ ਹਨ ਉਹ ਲੋਕ ਜ਼ਲੀਲ ਹੋਕੇ ਨਰਕ ਵਿਚ ਪ੍ਰਵੇਸ਼ ਕਰਨਗੇ। ਸੂਰਤ .ਗਾਫਿਰ ਆਇਤ-60)

ਖ਼ੌਫ਼ ਦਾ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿...فَلَا تَخَافُوهُمۡ وَخَافُونِ إِن كُنتُم مُّؤۡمِنِينَ﴾

(ਹੇ ਮੁਸਲਮਾਨੋ!) ਸੋ ਤੁਸੀਂ ਉਹਨਾਂ ਕਾਫ਼ਿਰਾਂ ਤੋਂ ਨਾ ਡਰੋ (ਸਗੋਂ) ਮੈਥੋਂ ਡਰੋ ਜੇ ਤੁਸੀਂ (ਸੱਚੇ) ਮੋਮਿਨ ਹੋ। [ਆਲੇ-ਇਮਰਾਨ: 175].

ਅਤੇ ਆਸ ਦਾ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿...فَمَن كَانَ يَرۡجُواْ لِقَآءَ رَبِّهِۦ فَلۡيَعۡمَلۡ عَمَلٗا صَٰلِحٗا وَلَا يُشۡرِكۡ بِعِبَادَةِ رَبِّهِۦٓ أَحَدَۢا﴾

ਫੇਰ ਜਿਹੜਾ ਵਿਅਕਤੀ ਰੱਬ ਨਾਲ ਮਿਲਣ ਦੀ ਆਸ ਰੱਖਦਾ ਹੈ ਉਸ ਨੂੰ ਚਾਹੀਦਾ ਹੈ ਕਿ ਨੇਕ ਅਮਲ ਕਰੇ ਅਤੇ ਆਪਣੇ ਰੱਬ ਦੀ ਬੰਦਗੀ ਵਿਚ ਕਿਸੇ ਹੋਰ ਨੂੰ ਸ਼ਰੀਕ ਨਾ ਕਰੇ। (ਸੂਰਤ ਅਲ-ਕਹਫ਼ ਆਇਤ-110)

ਤਵੱਕੁਲ ਦਾ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿...وَعَلَى ٱللَّهِ فَتَوَكَّلُوٓاْ إِن كُنتُم مُّؤۡمِنِينَ﴾

ਜੇ ਤੁਸੀਂ ਸੱਚੇ ਮੋਮਿਨ ਹੋ ਤਾਂ ਤੁਹਾਨੂੰ ਅੱਲਾਹ ਉੱਤੇ ਹੀ ਭਰੋਸਾ ਕਰਨਾ ਚਾਹੀਦਾ ਹੈ। [ਸੂਰਤ ਅਲ-ਮਾਈਦਾ: 23]، ਅਤੇ ਉਸਦਾ ਫਰਮਾਨ:

﴿...وَمَن يَتَوَكَّلۡ عَلَى ٱللَّهِ فَهُوَ حَسۡبُهُۥٓ...﴾

ਜਿਹੜਾ ਵਿਅਕਤੀ ਅੱਲਾਹ 'ਤੇ ਭਰੋਸਾ ਕਰੇ ਤਾਂ ਉਸ ਲਈ ਉਹੀਓ ਕਾਫ਼ੀ ਹੈ। [ਸੂਰਤ ਅਤ-ਤਲਾਕ: 3].

"ਅਤੇ ਰੱਗਬਤ, ਡਰ ਤੇ ਖ਼ੁਸ਼ੂਅ ਦਾ ਦਲੀਲ ਅੱਲਾਹ ਤਆਲਾ ਦਾ ਇਹ ਕਹਿਣਾ ਹੈ:

﴿...إِنَّهُمۡ كَانُواْ يُسَٰرِعُونَ فِي ٱلۡخَيۡرَٰتِ وَيَدۡعُونَنَا رَغَبٗا وَرَهَبٗاۖ وَكَانُواْ لَنَا خَٰشِعِينَ﴾

...ਇਹ ਦੋਵੇਂ ਭਲੇ ਕੰਮ ਕਰਨ ਵਿਚ ਛੇਤੀ ਕਰਦੇ ਸਨ ਅਤੇ ਸਾਨੂੰ ਆਸਾਂ ਨਾਲ ਅਤੇ ਡਰਦੇ ਹੋਏ ਪੁਕਾਰਦੇ ਸਨ ਅਤੇ ਸਾਡੇ ਅੱਗੇ ਨਿਮਰਤਾ ਸਹਿਤ ਝੁਕਦੇ ਸਨ। (ਸੂਰਤ ਅਲ-ਅੰਬੀਆ ਆਇਤ-90)

ਖ਼ਸ਼ੀਅਤ ਦਾ ਸਬੂਤ; ਅੱਲਾਹ ਤਆਲਾ ਦਾ ਕਹਿਣਾ ਹੈ:

﴿...فَلَا تَخۡشَوۡهُمۡ وَٱخۡشَوۡنِ...﴾

ਤੁਸੀਂ ਉਹਨਾਂ ਤੋਂ ਨਾ ਡਰੋ ਸਗੋਂ ਮੇਥੋਂ ਹੀ ਡਰੋ। ਸੂਰਤ ਅਲ-ਮਾਈਦਾ: 3

ਅਤੇ ਇਨਾਬਤ ਦਾ ਸਬੂਤ: ਪਰਮਾਤਮਾ ਦਾ ਕਹਿਣਾ ਹੈ:

﴿وَأَنِيبُوٓاْ إِلَىٰ رَبِّكُمۡ وَأَسۡلِمُواْ لَهُۥ...﴾

ਤੁਸੀਂ ਸਾਰੇ ਆਪਣੇ ਪਾਲਣਹਾਰ ਵੱਲ ਮੁੜ ਆਓ ਅਤੇ ਉਸੇ ਦੇ ਆਗਿਆਕਾਰੀ ਬਣ ਜਾਓ... (ਸੂਰਤ ਅਜ਼-ਜ਼ੁਮਰ ਆਇਤ:54)

ਇਸਤਿਆਨਤ ਦਾ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿إِيَّاكَ نَعۡبُدُ وَإِيَّاكَ نَسۡتَعِينُ5﴾

ਅਸੀਂ ਤੇਰੀ ਹੀ ਇਬਾਦਤ ਕਰਦੇ ਹਾਂ ਅਤੇ ਤੇਥੋਂ ਹੀ (ਹਰ ਪ੍ਰਕਾਰ ਦੀ) ਮਦਦ ਚਾਹੁੰਦੇ ਹਾਂ। (ਸੂਰਤ ਅਲ-ਫ਼ਾਤਿਹਾ ਆਇਤ-5), ਅਤੇ ਹਦੀਸ ਵਿੱਚ ਹੈ:

"إِذَا اسْتَعَنْتَ فَاسْتَعِنْ بِاللَّهِ".

ਜੇ ਤੂੰ ਮਦਦ ਮੰਗੇ, ਤਾਂ ਅੱਲਾਹ ਤੋਂ ਮਦਦ ਲੈ।

ਪਨਾਹ ਮੰਗਣ ਦਾ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿قُلۡ أَعُوذُ بِرَبِّ ٱلۡفَلَقِ1﴾

(ਹੇ ਨਬੀ!) ਤੁਸੀਂ ਆਖੋ ਕਿ ਮੈਂ ਸਵੇਰੇ ਦੇ ਰੱਬ ਦੀ ਸ਼ਰਨ ਵਿਚ ਆਉਂਦਾ ਹਾਂ। [ਸੂਰਤ ਅਲ-ਫ਼ਲਕ: 1], ਅਤੇ

﴿قُلۡ أَعُوذُ بِرَبِّ ٱلنَّاسِ1﴾

(ਹੇ ਨਬੀ!) ਆਖ ਦਿਓ ਕਿ ਮੈਂ ਮਨੁੱਖਾਂ ਦੇ ਰੱਬ ਦੀ ਸ਼ਰਨ ਵਿਚ ਆਉਂਦਾ ਹਾਂ। (ਸੂਰਤ ਅਨ-ਨਾਸ: 1)

ਇਸਤਿਗਾਸਾ ਦਾ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿إِذۡ تَسۡتَغِيثُونَ رَبَّكُمۡ فَٱسۡتَجَابَ لَكُمۡ...﴾

(ਹੇ ਮੋਮਿਨੋ! ਉਸ ਸਮੇਂ ਨੂੰ ਯਾਦ ਕਰੋ) ਜਦੋਂ ਤੁਸੀਂ ਆਪਣੇ ਰੱਬ ਤੋਂ ਬੇਨਤੀਆਂ ਕਰ ਰਹੇ ਸੀ, ਫੇਰ ਅੱਲਾਹ ਨੇ ਤੁਹਾਡੀ (ਬੇਨਤੀ) ਸੁਣ ਲਈ... (ਸੂਰਤ ਅਨਫਾਲ ਆਇਤ: 9)

ਜ਼ਬਹ ਦਾ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿قُلۡ إِنَّ صَلَاتِي وَنُسُكِي وَمَحۡيَايَ وَمَمَاتِي لِلَّهِ رَبِّ ٱلۡعَٰلَمِينَ162 لَا شَرِيكَ لَهُۥ...﴾

(ਹੇ ਨਬੀ!) ਤੁਸੀਂ ਆਖ ਦਿਓ ਕਿ ਮੇਰੀ ਨਮਾਜ਼, ਮੇਰੀ ਕੁਰਬਾਨੀ, ਮੇਰਾ ਜੀਨਾ ਤੇ ਮੇਰਾ ਮਰਨਾ, ਇਹ ਸਭ ਅੱਲਾਹ ਵਾਸਤੇ ਹੀ ਹੈ ਜਿਹੜਾ ਸਾਰੀ ਸਰਿਸ਼ਟੀ ਦਾ ਮਾਲਿਕ ਹੈ।

ਉਸ ਦਾ ਕੋਈ ਸਾਂਝੀ ਨਹੀਂ... (ਸੂਰਤ ਅਲ-ਅਨਾਮ ਆਇਤ-162-163-) ਅਤੇ ਸੁੰਨਤ ਵਿੱਚ:

"لَعَنَ اللَّهُ مَنْ ذَبَحَ لِغَيْرِ اللَّهِ".

ਅੱਲਾਹ ਨੇ ਉਸ 'ਤੇ ਲਾਹਨਤ ਕੀਤੀ ਜਿਸ ਨੇ ਅੱਲਾਹ ਤੋਂ ਇਲਾਵਾ ਕਿਸੇ ਹੋਰ ਲਈ ਜ਼ਬਾਹ ਕੀਤਾ।

ਨਜ਼ਰ ਦਾ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿يُوفُونَ بِٱلنَّذۡرِ وَيَخَافُونَ يَوۡمٗا كَانَ شَرُّهُۥ مُسۡتَطِيرٗا 7﴾

ਉਹ (ਸੰਸਾਰ ਵਿਚ) ਆਪਣੀਆਂ ਸੁੱਖਾਂ ਪੂਰੀਆਂ ਕਰਦੇ ਹਨ ਅਤੇ ਉਸ ਦਿਹਾੜ੍ਹਿਓ ਭੈ-ਭੀਤ ਰਹਿੰਦੇ ਹਨ ਜਿਸ ਦੀ ਬਿਪਤਾ (ਚਾਰੋਂ ਪਾਸੇ) ਫੈਲੀ ਹੋਈ ਹੋਵੇਗੀ। (ਸੂਰਤ ਅਲ-ਇਨਸਾਨ ਆਇਤ:7)

## [ਦੂਜਾ ਅਸਲ]

ਦਲੀਲਾਂ ਦੇ ਨਾਲ ਇਸਲਾਮ ਧਰਮ ਦਾ ਗਿਆਨ, ਅਤੇ ਉਹ ਹੈ: ਅੱਲਾਹ ਦੀ ਇਕਤਾ ਅੱਗੇ ਸਮਰਪਣ ਕਰਨਾ, ਉਸ ਦੀ ਆਗਿਆ ਵਿੱਚ ਅਨੁਸਰਣ ਕਰਨਾ, ਅਤੇ ਸ਼ਿਰਕ ਅਤੇ ਉਸਦੇ ਕਰਤਾ-ਕਰਤਿਆਂ ਤੋਂ ਦੂਰ ਰਹਿਣਾ।

ਅਤੇ ਇਸਦੇ ਤਿੰਨ ਦਰਜੇ ਹਨ: ਇਸਲਾਮ, ਇਮਾਨ, ਤੇ ਇਹਸਾਨ।

ਅਤੇ ਹਰ ਮਰਤਬੇ ਦੇ ਰੁਕੂਨ ਹਨ।

ਇਸਲਾਮ ਦੇ ਪੰਜ ਥੰਮ ਹਨ: ਇਹ ਗਵਾਹੀ ਦੇਣਾ ਕਿ ਅੱਲਾਹ ਤੋਂ ਇਲਾਵਾ ਕੋਈ ਮਾਬੂਦ ਨਹੀਂ ਅਤੇ ਮੁਹੰਮਦ ﷺ ਅੱਲਾਹ ਦੇ ਰਸੂਲ ਹਨ, ਨਮਾਜ਼ ਕਾਇਮ ਕਰਨਾ, ਜ਼ਕਾਤ ਦੇਣਾ, ਰਮਜ਼ਾਨ ਦੇ ਰੋਜ਼ੇ ਰੱਖਣਾ, ਅਤੇ ਬੈਤੁੱਲਾਹ ਹਰਾਮ ਦਾ ਹੱਜ ਕਰਨਾ।

ਸ਼ਹਾਦਤ ਦਾ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿شَهِدَ ٱللَّهُ أَنَّهُۥ لَآ إِلَٰهَ إِلَّا هُوَ وَٱلۡمَلَٰٓئِكَةُ وَأُوْلُواْ ٱلۡعِلۡمِ قَآئِمَۢا بِٱلۡقِسۡطِۚ لَآ إِلَٰهَ إِلَّا هُوَ ٱلۡعَزِيزُ ٱلۡحَكِيمُ 18﴾

ਅੱਲਾਹ ਨੇ ਗਵਾਹੀ ਦਿੱਤੀ ਹੇ ਕਿ ਉਸ ਤੋਂ ਛੁੱਟ ਹੋਰ ਕੋਈ ਇਲਾਹ ਨਹੀਂ ਅਤੇ (ਇਹੋ ਗਵਾਹੀ) ਫ਼ਰਿਸ਼ਤੇ ਅਤੇ ਗਿਆਨਵਾਨ ਲੋਕ ਵੀ ਦੇ ਰਹੇ ਹਨ ਕਿ ਉਸੇ ਸਾਰੀ ਸ੍ਰਿਸ਼ਟੀ ਨੂੰ ਇਨਸਾਫ਼ ਦੇ ਆਧਾਰ 'ਤੇ ਕਾਇਮ

ਕਰ ਰੱਖਿਆ ਹੈ। ਉਸ ਤੋਂ ਛੁੱਟ ਹੋਰ ਕੋਈ ਇਸ਼ਟ ਨਹੀਂ ਉਹੀਓ ਜ਼ੋਰਾਵਰ ਦਾਨਾਈ ਵਾਲਾ ਹੈ। ਸੂਰਤ ਆਲੇ- ਇਮਰਾਨ:18

ਇਸਦਾ ਅਰਥ ਹੈ: ਸੱਚੀ ਇਬਾਦਤ ਦੇ ਕਾਬਿਲ ਕੋਈ ਮਾਬੂਦ ਨਹੀਂ ਸਿਵਾਏ ਅੱਲਾਹ ਦੇ।

ਲਾ ਇਲਾਹ" — ਅੱਲਾਹ ਤੋਂ ਸਿਵਾ ਜਿਨ੍ਹਾਂ ਸਭ ਦੀ ਇਬਾਦਤ ਕੀਤੀ ਜਾਂਦੀ ਹੈ, ਉਨ੍ਹਾਂ ਦੀ ਨਫੀ।

ਇੱਲੱਲਾਹ" ਇਬਾਦਤ ਨੂੰ ਸਿਰਫ਼ ਇਕੱਲੇ ਅੱਲਾਹ ਲਈ ਸਥਾਪਿਤ ਕਰਦਾ ਹੈ।

ਉਸਦੀ ਇਬਾਦਤ ਵਿੱਚ ਕੋਈ ਭਾਗੀਦਾਰ ਨਹੀਂ, ਜਿਵੇਂ ਕਿ ਉਸਦੀ ਬਾਦਸ਼ਾਹਤ ਵਿੱਚ ਕੋਈ ਭਾਗੀਦਾਰ ਨਹੀਂ।

ਅਤੇ ਇਸਦੀ ਵਿਆਖਿਆ ਜੋ ਇਸਨੂੰ ਸਪੱਸ਼ਟ ਕਰਦੀ ਹੈ; ਪ੍ਰਮਾਤਮਾ ਦਾ ਕਹਿਣਾ ਹੈ:

﴿وَإِذۡ قَالَ إِبۡرَٰهِيمُ لِأَبِيهِ وَقَوۡمِهِۦٓ إِنَّنِي بَرَآءٞ مِّمَّا تَعۡبُدُونَ26 إِلَّا ٱلَّذِي فَطَرَنِي..﴾

(ਹੇ ਨਬੀ! ਉਹ ਵੇਲਾ ਵੀ ਯਾਦ ਕਰੋ) ਜਦੋਂ ਇਬਰਾਹੀਮ ਨੇ ਆਪਣੇ ਪਿਓ ਤੇ ਆਪਣੀ ਕੌਮ ਨੂੰ ਆਖਿਆ ਸੀ ਕਿ ਬੇਸ਼ੱਕ ਮੇਰਾ ਇਹਨਾਂ ਬੁਤਾਂ ਨਾਲ ਕੋਈ ਸੰਬੰਧ ਨਹੀਂ ਜਿਨ੍ਹਾਂ ਦੀ ਪੂਜਾ ਤੁਸੀਂ ਕਰਦੇ ਹੋ।

ਛੁੱਟ ਉਸ ਤੋਂ ਜਿਸ (ਅੱਲਾਹ) ਨੇ ਮੈਨੂੰ ਪੈਦਾ ਕੀਤਾ ਹੈ.. (ਸੂਰਤ ਅਜ਼-ਜ਼ੁਖ਼ਰਫ਼ ਆਇਤ-26-27), ਅਤੇ ਰੱਬ ਤਆਲਾ ਦਾ ਫ਼ਰਮਾਨ:

﴿قُلۡ يَٰٓأَهۡلَ ٱلۡكِتَٰبِ تَعَالَوۡاْ إِلَىٰ كَلِمَةٖ سَوَآءِۭ بَيۡنَنَا وَبَيۡنَكُمۡ أَلَّا نَعۡبُدَ إِلَّا ٱللَّهَ وَلَا نُشۡرِكَ بِهِۦ شَيۡـٔٗا وَلَا يَتَّخِذَ بَعۡضُنَا بَعۡضًا أَرۡبَابٗا مِّن دُونِ ٱللَّهِۚ فَإِن تَوَلَّوۡاْ فَقُولُواْ ٱشۡهَدُواْ بِأَنَّا مُسۡلِمُونَ64﴾

(ਹੇ ਨਬੀ!) ਤੁਸੀਂ ਕਹਿ ਦਿਓ ਕਿ ਹੇ ਕਿਤਾਬ ਵਾਲਿਓ! ਆਓ ਇਕ ਅਜਿਹੀ ਗੱਲ ਵੱਲ ਜਿਹੜੀ ਤੁਹਾਡੇ ਤੇ ਸਾਡੇ ਵਿਚਾਲੇ ਸਾਂਝੀ ਹੈ ਕਿ

ਅਸੀਂ ਅੱਲਾਹ ਤੋਂ ਛੁੱਟ ਕਿਸੇ ਹੋਰ ਦੀ ਇਬਾਦਤ ਨਾ ਕਰੀਏ, ਨਾ ਉਸ ਦਾ ਕਿਸੇ ਨੂੰ ਸ਼ਰੀਕ ਬਣਾਈਏ ਅਤੇ ਨਾ ਅੱਲਾਹ ਨੂੰ ਛੱਡ ਕੇ ਕਿਸੇ ਨੂੰ ਆਪਣਾ ਰੱਬ ਬਣਾਈਏ (ਭਾਵ ਰੱਬ ਦੇ ਆਗਿਆਕਾਰੀ ਹਾਂ) ਫੇਰ ਵੀ ਜੇ ਉਹ ਮੂੰਹ ਮੋੜਦੇ ਹਨ ਤਾਂ ਤੁਸੀਂ ਆਖ ਦਿਓ ਕਿ ਗਵਾਹ ਰਹੋ ਕਿ ਅਸੀਂ ਤਾਂ ਮੁਸਲਮਾਨ (ਆਗਿਆਕਾਰੀ) ਹਾਂ। (ਸੂਰਤ ਆਲੇ-ਇਮਰਾਨ ਆਇਤ -64)

ਮੁਹੰਮਦ ﷺ ਦੇ ਰਸੂਲ ਹੋਣ ਦੀ ਗਵਾਹੀ ਦੀ ਦਲੀਲ ਅੱਲਾਹ ਤਆਲਾ ਦਾ ਇਹ ਫ਼ੁਰਮਾਨ ਹੈ:

﴿لَقَدۡ جَآءَكُمۡ رَسُولٞ مِّنۡ أَنفُسِكُمۡ عَزِيزٌ عَلَيۡهِ مَا عَنِتُّمۡ حَرِيصٌ عَلَيۡكُم بِٱلۡمُؤۡمِنِينَ رَءُوفٞ رَّحِيمٞ128﴾

(ਹੇ ਲੋਕੋ!) ਤੁਹਾਡੇ ਕੋਲ ਇਕ ਅਜਿਹਾ ਪੈਗ਼ੰਬਰ ਆ ਗਿਆ ਹੈ ਜਿਹੜਾ ਤੁਹਾਡੇ ਹੀ ਵਿੱਚੋਂ ਹੈ, ਜਿਹੜਾ ਤੁਹਾਨੂੰ ਹਾਣ ਵਿਚ ਵੇਖਕੇ ਬੜਾ ਦੁਖੀ ਹੁੰਦਾ ਹੈ, ਉਸ ਨੂੰ ਤੁਹਾਡੀ ਭਲਾਈ ਦੀ ਵਧੇਰੇ ਲਾਲਸਾ ਹੈ ਅਤੇ ਈਮਾਨ ਵਾਲਿਆਂ ਲਈ ਅਤਿ ਕੌਮਲ ਚਿੱਤ ਤੇ ਰਹਿਮ ਫ਼ਰਮਾਉਣ ਵਾਲਾ ਹੈ। (ਸੂਰਤ ਅਤ-ਤੌਬਾ ਆਇਤ-128)

«ਮੁਹੰਮਦ ﷺ ਅੱਲਾਹ ਦੇ ਰਸੂਲ ਹਨ» ਦੀ ਗਵਾਹੀ ਦਾ ਅਰਥ ਹੈ: ਜੋ ਉਨ੍ਹਾਂ ਨੇ ਹੁਕਮ ਦਿੱਤਾ ਹੈ, ਉਸਦੀ ਪਾਲਣਾ ਕਰਨਾ, ਜੋ ਖ਼ਬਰਾਂ ਉਨ੍ਹਾਂ ਨੇ ਦਿੱਤੀਆਂ ਹਨ, ਉਨ੍ਹਾਂ ਨੂੰ ਸੱਚ ਮੰਨਣਾ, ਜਿਸ ਤੋਂ ਉਨ੍ਹਾਂ ਨੇ ਰੋਕਿਆ ਅਤੇ ਵਰਜਿਆ ਹੈ, ਉਸ ਤੋਂ ਬਚਣਾ, ਅਤੇ ਇਹ ਕਿ ਅੱਲਾਹ ਦੀ ਇਬਾਦਤ ਸਿਰਫ਼ ਉਸੇ ਤਰੀਕੇ ਨਾਲ ਕੀਤੀ ਜਾਵੇ ਜੋ ਉਨ੍ਹਾਂ ਨੇ ਨਿਰਧਾਰਤ ਕੀਤਾ ਹੈ।

ਨਮਾਜ਼, ਜ਼ਕਾਤ, ਅਤੇ ਏਕਸ੍ਵਰਵਾਦ ਦੀ ਵਿਆਖਿਆ ਦਾ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿وَمَآ أُمِرُوٓاْ إِلَّا لِيَعۡبُدُواْ ٱللَّهَ مُخۡلِصِينَ لَهُ ٱلدِّينَ حُنَفَآءَ وَيُقِيمُواْ ٱلصَّلَوٰةَ وَيُؤۡتُواْ ٱلزَّكَوٰةَۚ وَذَٰلِكَ دِينُ ٱلۡقَيِّمَةِ5﴾

ਜਦ ਕਿ ਉਹਨਾਂ ਨੂੰ ਇਹੋ ਹੁਕਮ ਦਿੱਤਾ ਗਿਆ ਸੀ ਕਿ ਉਹ ਆਪਣੀ ਬੰਦਗੀ ਨੂੰ ਅੱਲਾਹ ਲਈ ਹੀ ਖ਼ਾਲਿਸ ਕਰਕੇ ਇਕਾਗਰ ਹੋਕੇ ਉਸੇ ਦੀ ਇਬਾਦਤ ਕਰਨ, ਉਹ ਨਮਾਜ਼ ਕਾਇਮ ਕਰਨ ਅਤੇ ਜ਼ਕਾਤ ਅਦਾ ਕਰਨ, ਇਹੋ ਸੱਚਾ ਧਰਮ ਹੈ। [ਅਲ-ਬੱਯਨਾ: 5].

ਰੋਜ਼ੇ ਦਾ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿يَٰٓأَيُّهَا ٱلَّذِينَ ءَامَنُواْ كُتِبَ عَلَيۡكُمُ ٱلصِّيَامُ كَمَا كُتِبَ عَلَى ٱلَّذِينَ مِن قَبۡلِكُمۡ لَعَلَّكُمۡ تَتَّقُونَ183﴾

ਹੇ ਲੋਕੋ! ਜਿਹੜੇ ਈਮਾਨ ਲਿਆਏ ਹੋ! ਤੁਹਾਡੇ 'ਤੇ ਸੌਮ (ਰੋਜ਼ੇ ਰਖਣਾ) ਉਸੇ ਤਰ੍ਹਾਂ ਫ਼ਰਜ਼ ਕੀਤੇ ਗਏ ਹਨ ਜਿਵੇਂ ਉਹਨਾਂ ਲੋਕਾਂ ਉੱਤੇ ਫ਼ਰਜ਼ ਕੀਤੇ ਗਏ ਸੀ ਜਿਹੜੇ ਤੁਹਾਥੋਂ ਪਹਿਲਾਂ (ਨਬੀਆਂ ਦੇ ਪੈਰੋਕਾਰ) ਗੁਜ਼ਰ ਚੁੱਕੇ ਹਨ ਤਾਂ ਜੋ ਤੁਸੀਂ ਰੱਬ ਤੋਂ ਡਰਨ ਵਾਲੇ ਬਣ ਜਾਵੋ। (ਸੂਰਤ ਅਲ-ਬਕਰਹ ਆਇਤ-183)

ਹੱਜ ਦਾ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿وَلِلَّهِ عَلَى ٱلنَّاسِ حِجُّ ٱلۡبَيۡتِ مَنِ ٱسۡتَطَاعَ إِلَيۡهِ سَبِيلٗاۚ وَمَن كَفَرَ فَإِنَّ ٱللَّهَ غَنِيٌّ عَنِ ٱلۡعَٰلَمِينَ97﴾

ਅੱਲਾਹ ਨੇ ਉਹਨਾਂ ਲੋਕਾ ਲਈ ਜੋ ਇਸ ਵੱਲ ਸਫ਼ਰ ਕਰ ਸਕਦੇ ਹਨ ਇਸ ਘਰ ਦਾ ਹੱਜ ਕਰਨਾ ਫ਼ਰਜ਼ ਕਰ ਦਿੱਤਾ ਹੈ। ਜਿਹੜਾ (ਹੱਜ ਦਾ) ਇਨਕਾਰ ਕਰੇ ਤਾਂ ਅੱਲਾਹ ਸਾਰੀ ਦੁਨੀਆਂ ਤੋਂ ਬੇਪਰਵ੍ਹਾ ਹੈ। (ਸੂਰਤ ਆਲੇ -ਇਮਰਾਨ ਆਇਤ-97)

ਦੂਜਾ ਦਰਜਾ: ਈਮਾਨ; ਅਤੇ ਇਹ ਸੱਤਰ ਤੋਂ ਵੱਧ ਸ਼ਾਖਾਵਾਂ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਉੱਚਾ ਹਿੱਸਾ 'ਲਾ ਇਲਾਹ ਇੱਲਾ ਅੱਲਾਹ' ਕਹਿਣਾ

ਹੈ, ਅਤੇ ਸਭ ਤੋਂ ਨੀਚਾ ਹਿੱਸਾ ਰਸਤੇ ਤੋਂ ਕੁਝ ਨੁਕਸਾਨਦਾਇਕ ਚੀਜ਼ ਹਟਾਉਣਾ ਹੈ, ਅਤੇ ਹਯਾ ਈਮਾਨ ਦੀ ਇੱਕ ਸ਼ਾਖਾ ਹੈ।

ਅਤੇ ਇਸਦੇ ਛੇ ਸਥੰਭ ਹਨ: ਕਿ ਤੂੰ ਅੱਲਾਹ ਵਿੱਚ, ਉਸਦੇ ਫ਼ਰਿਸ਼ਤਿਆਂ ਵਿੱਚ, ਉਸਦੀਆਂ ਕਿਤਾਬਾਂ ਵਿੱਚ, ਉਸਦੇ ਪੈਗੰਬਰਾਂ ਵਿੱਚ, ਆਖ਼ਿਰਤ ਵਿੱਚ, ਅਤੇ ਚੰਗੀ ਅਤੇ ਮਾੜੀ ਤਕਦੀਰ ਵਿੱਚ ਵਿਸ਼ਵਾਸ ਕਰੇਂ।

ਇਹਨਾਂ ਛੇ ਅਰਕਾਨਾਂ ਦਾ ਸਬੂਤ ਸਰਵ ਸ਼ਕਤੀਮਾਨ ਰੱਬ ਦਾ ਇਹ ਕਥਨ ਹੈ:

﴿لَّيۡسَ ٱلۡبِرَّ أَن تُوَلُّواْ وُجُوهَكُمۡ قِبَلَ ٱلۡمَشۡرِقِ وَٱلۡمَغۡرِبِ وَلَٰكِنَّ ٱلۡبِرَّ مَنۡ ءَامَنَ بِٱللَّهِ وَٱلۡيَوۡمِ ٱلۡأٓخِرِ وَٱلۡمَلَٰٓئِكَةِ وَٱلۡكِتَٰبِ وَٱلنَّبِيِّـۧنَ...﴾

ਨੇਕੀ ਇਹ ਨਹੀਂ ਕਿ ਤੁਸੀਂ ਆਪਣਾ ਮੂੰਹ ਪੂਰਬ ਜਾਂ ਪੱਛਮ ਵੱਲ ਕਰ ਲਓ ਅਸਲ ਵਿਚ ਨੇਕੀ ਤਾਂ ਉਸ ਵਿਅਕਤੀ ਦੀ ਹੇ ਜਿਹੜਾ ਅੱਲਾਹ, ਆਖ਼ਿਰਤ ਦੇ ਦਿਨ, ਫ਼ਰਿਸ਼ਤਿਆਂ, (ਅਕਾਸ਼ੀ) ਕਿਤਾਬਾਂ ਅਤੇ ਨਬੀਆਂ 'ਤੇ ਈਮਾਨ ਲਿਆਵੇ... (ਸੂਰਤ ਅਲ -ਬਕਰਹ ਆਇਤ-177)

ਕ਼ਦਰ ਦਾ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿إِنَّا كُلَّ شَيۡءٍ خَلَقۡنَٰهُ بِقَدَرٖ 49﴾

ਬੇਸ਼ੱਕ ਅਸਾਂ ਹਰੇਕ ਚੀਜ਼ ਅਨੁਮਾਨ ਦੇ ਅਨੁਸਾਰ ਹੀ ਸਾਜੀ ਹੈ। (ਸੂਰਤ ਅਲ-ਕਮਰ ਆਇਤ- 49)

ਤੀਜਾ ਮਰਤਬਾ: ਇਹਸਾਨ, ਜਿਸਦਾ ਇੱਕ ਹੀ ਰੁਕਨ ਹੈ, ਅਤੇ ਉਹ ਇਹ ਹੈ ਕਿ ਤੁਸੀਂ ਅੱਲਾਹ ਦੀ ਇਬਾਦਤ ਇਸ ਤਰ੍ਹਾਂ ਕਰੋ ਜਿਵੇਂ ਤੁਸੀਂ ਉਸਨੂੰ ਦੇਖ ਰਹੇ ਹੋ, ਅਤੇ ਜੇ ਤੁਸੀਂ ਉਸਨੂੰ ਨਹੀਂ ਦੇਖ ਰਹੇ ਹੋ ਤਾਂ ਯਕੀਨਨ ਉਹ ਤੁਹਾਨੂੰ ਦੇਖ ਰਿਹਾ ਹੈ।

ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿إِنَّ ٱللَّهَ مَعَ ٱلَّذِينَ ٱتَّقَواْ وَّٱلَّذِينَ هُم مُّحۡسِنُونَ128﴾

ਸੱਚ ਜਾਣੋਂ ਕਿ ਅੱਲਾਹ ਪਰਹੇਜ਼ਗਾਰ (ਰੱਬ ਤੋਂ ਡਰਨ ਵਾਲੇ) ਅਤੇ ਨੇਕ ਕੰਮ ਕਰਨ ਵਾਲਿਆਂ ਦੇ ਅੰਗ-ਸੰਗ ਹੀ ਹੈ।128 (ਸੂਰਤ ਅਨ-ਨਹਲ ਆਇਤ-128)

ਅਤੇ ਰੱਬ ਤਆਲਾ ਦਾ ਫ਼ਰਮਾਨ:

﴿وَتَوَكَّلۡ عَلَى ٱلۡعَزِيزِ ٱلرَّحِيمِ217 ٱلَّذِي يَرَىٰكَ حِينَ تَقُومُ218 وَتَقَلُّبَكَ فِي ٱلسَّٰجِدِينَ219﴾

(ਹੇ ਮੁਹੰਮਦ ਸ:!) ਤੁਸੀਂ ਆਪਣਾ ਭਰੋਸਾ ਉਸੇ ਜ਼ੋਰਾਵਰ ਮਿਹਰਬਾਨ 'ਤੇ ਰੱਖੋ।

ਜਿਹੜਾ ਤੁਹਾਨੂੰ ਵੇਖਦਾ ਹੈ ਜਦੋਂ ਤੁਸੀਂ (ਨਮਾਜ਼ ਲਈ) ਖੜੇ ਹੁੰਦੇ ਹੋ218।

ਅਤੇ ਉਹ ਸਿਜਦਾ ਕਰਨ ਵਾਲਿਆਂ ਵਿਚਕਾਰ ਤੁਹਾਡਾ ਉਠਣਾ ਬੈਠਣਾ ਵੀ ਵੇਖਦਾ ਹੈ। (ਸੂਰਤ ਅਸ਼-ਸ਼ੁਅਰਾ ਆਇਤ-217-219)

ਅਤੇ ਰੱਬ ਤਆਲਾ ਦਾ ਫ਼ਰਮਾਨ:

﴿وَمَا تَكُونُ فِي شَأۡنٖ وَمَا تَتۡلُواْ مِنۡهُ مِن قُرۡءَانٖ وَلَا تَعۡمَلُونَ مِنۡ عَمَلٍ إِلَّا كُنَّا عَلَيۡكُمۡ شُهُودًا إِذۡ تُفِيضُونَ فِيهِ...﴾

(ਹੇ ਨਬੀ!) ਜਿਸ ਹਾਲ ਵਿਚ ਵੀ ਤੁਸੀਂ ਹੁੰਦੇ ਹੋ ਅਤੇ ਅੱਲਾਹ ਵੱਲੋਂ ਨਾਜ਼ਿਲ ਕੀਤੇ ਹੋਏ ਕ਼ੁਰਆਨ ਵਿਚ ਜੋ ਵੀ ਤੁਸੀਂ ਲੋਕਾਂ ਨੂੰ ਸੁਣਾਉਂਦੇ ਹੋ, ਅਤੇ ਹੇ ਲੋਕ! ਤੁਸੀਂ ਜੋ ਵੀ ਕਰਦੇ ਹੋ ਉਸ ਸਮੇਂ ਅਸੀਂ ਤੁਹਾਨੂੰ ਵੇਖ ਰਹੇ ਹੁੰਦੇ ਹਾਂ... (ਸੂਰਤ ਯੂਨੁਸ ਆਇਤ-61) ਆਇਤ।

ਸੁੰਨਤ ਤੋਂ ਸਬੂਤ: ਜਿਬਰੀਏਲ ਦੀ ਮਸ਼ਹੂਰ ਹਦੀਸ, ਉਮਰ ਰਜ਼ੀਅੱਲਾਹੁ ਅੰਹੁ ਤੋਂ ਰਿਵਾਇਤ ਹੈ, ਉਨ੍ਹਾਂ ਨੇ ਕਿਹਾ:

"بَيْنَمَا نَحْنُ عِنْدَ رَسُولِ اللَّهِ ﷺ ذَاتَ يَوْمٍ، إِذْ طَلَعَ عَلَيْنَا رَجُلٌ، شَدِيدُ بَيَاضِ الثِّيَابِ، شَدِيدُ سَوَادِ الشَّعَرِ، لَا يُرَى عَلَيْهِ أَثَرُ السَّفَرِ، وَلَا يَعْرِفُهُ مِنَّا أَحَدٌ، حَتَّى جَلَسَ إِلَى النَّبِيِّ ﷺ فَأَسْنَدَ رُكْبَتَيْهِ إِلَى رُكْبَتَيْهِ، وَوَضَعَ كَفَّيْهِ عَلَى فَخِذَيْهِ، وَقَالَ: يَا مُحَمَّدُ !

ਇੱਕ ਦਿਨ, ਜਦੋਂ ਅਸੀਂ ਅੱਲਾਹ ਦੇ ਰਸੂਲ ﷺ ਦੇ ਨਾਲ ਬੈਠੇ ਹੋਏ ਸੀ, ਤਾਂ ਇੱਕ ਆਦਮੀ ਸਾਡੇ ਸਾਹਮਣੇ ਆਇਆ, ਜਿਸ ਦੇ ਕੱਪੜੇ ਬਹੁਤ ਚਿੱਟੇ ਅਤੇ ਵਾਲ ਬਹੁਤ ਕਾਲੇ ਸਨ। ਉਸ ਉੱਤੇ ਸਫ਼ਰ ਦਾ ਕੋਈ ਨਿਸ਼ਾਨ ਦਿਖਾਈ ਨਹੀਂ ਦਿੰਦਾ ਸੀ ਅਤੇ ਸਾਡੇ ਵਿੱਚੋਂ ਉਸ ਨੂੰ ਕੋਈ ਨਹੀਂ ਪਹਿਚਾਣਦਾ ਸੀ, ਇੱਥੋਂ ਤੱਕ ਕਿ ਉਹ ਨਬੀ ﷺ ਦੇ ਕੋਲ ਆ ਕੇ ਬੈਠ ਗਿਆ, ਅਤੇ ਉਸਨੇ ਆਪਣੇ ਗੋਡਿਆਂ ਨੂੰ ਆਪ ﷺ ਦੇ ਗੋਡਿਆਂ ਨਾਲ ਜੋੜਿਆ ਅਤੇ ਆਪਣੀਆਂ ਹਥੇਲੀਆਂ ਆਪਣੇ ਪੱਟਾਂ 'ਤੇ ਰੱਖ ਦਿੱਤੀਆਂ, ਅਤੇ ਕਿਹਾ: "ਹੇ ਮੁਹੰਮਦ!

أَخْبِرْنِي عَنِ الإِسْلَامِ؟

ਮੈਨੂੰ ਇਸਲਾਮ ਬਾਰੇ ਦੱਸੋ?

فَقَالَ رَسُولُ اللَّهِ ﷺ: الإِسْلَامُ: أَنْ تَشْهَدَ أَلَّا إِلَهَ إِلَّا اللَّهُ وَأَنَّ مُحَمَّدًا رَسُولُ اللَّهِ، وَتُقِيمَ الصَّلَاةَ، وَتُؤْتِيَ الزَّكَاةَ، وَتَصُومَ رَمَضَانَ، وَتَحُجَّ البَيْتَ إِنِ اسْتَطَعْتَ إِلَيْهِ سَبِيلًا، قَالَ: صَدَقْتَ - فَعَجِبْنَا لَهُ، يَسْأَلُهُ وَيُصَدِّقُهُ -.

ਤਾਂ ਅੱਲਾਹ ਦੇ ਰਸੂਲ ﷺ ਨੇ ਕਿਹਾ: "ਇਸਲਾਮ ਇਹ ਹੈ ਕਿ ਤੁਸੀਂ ਗਵਾਹੀ ਦਿਓ ਕਿ ਅੱਲਾਹ ਤੋਂ ਬਿਨਾ ਕੋਈ ਮਾਬੂਦ ਨਹੀਂ ਅਤੇ ਮੁਹੰਮਦ ﷺ ਅੱਲਾਹ ਦੇ ਰਸੂਲ ਹਨ, ਨਮਾਜ਼ ਕਾਇਮ ਕਰੋ, ਜ਼ਕਾਤ ਅਦਾ ਕਰੋ, ਰਮਜ਼ਾਨ ਦੇ ਰੋਜ਼ੇ ਰੱਖੋ, ਅਤੇ ਬੈਤੁੱਲਾਹ ਦਾ ਹੱਜ ਕਰੋ ਜੇ ਤੁਸੀਂ ਉਸ ਤੱਕ ਪਹੁੰਚਣ ਦੇ ਯੋਗ ਹੋਵੋ।" ਉਸ ਨੇ ਕਿਹਾ: "ਤੁਸੀਂ ਸਹੀ ਕਹਿੰਦੇ ਹੋ।" - ਤਾਂ ਅਸੀਂ ਉਸ 'ਤੇ ਹੈਰਾਨ ਹੋਏ, ਕਿ ਉਹ ਆਪ ਤੋਂ ਸਵਾਲ ਵੀ ਕਰਦਾ ਹੈ ਅਤੇ ਉਨ੍ਹਾਂ ਦੀ ਤਸਦੀਕ ਵੀ ਕਰਦਾ ਹੈ -।

قَالَ: فَأَخْبِرْنِي عَنِ الْإِيمَانِ؟

ਉਸਨੇ ਕਿਹਾ: "ਫਿਰ ਮੈਨੂੰ ਈਮਾਨ ਬਾਰੇ ਦੱਸੋ?

قَالَ: أَنْ تُؤْمِنَ بِاللَّهِ، وَمَلَائِكَتِهِ، وَكُتُبِهِ، وَرُسُلِهِ، وَالْيَوْمِ الْآخِرِ، وَتُؤْمِنَ بِالْقَدَرِ خَيْرِهِ وَشَرِّهِ، قَالَ: صَدَقْتَ.

ਕਿਹਾ: "ਕਿ ਤੂੰ ਅੱਲਾਹ ਵਿੱਚ, ਉਸਦੇ ਫ਼ਰਿਸ਼ਤਿਆਂ ਵਿੱਚ, ਉਸਦੀਆਂ ਕਿਤਾਬਾਂ ਵਿੱਚ, ਉਸਦੇ ਰਸੂਲਾਂ ਵਿੱਚ, ਆਖ਼ਿਰਤ ਦੇ ਦਿਨ ਵਿੱਚ, ਅਤੇ ਤਕਦੀਰ ਦੇ ਚੰਗੇ ਅਤੇ ਬੁਰੇ ਵਿੱਚ ਵਿਸ਼ਵਾਸ ਕਰੇਂ," ਕਿਹਾ: "ਤੂੰ ਸੱਚ ਕਿਹਾ।

قَالَ: فَأَخْبِرْنِي عَنِ الْإِحْسَانِ؟

ਉਸਨੇ ਕਿਹਾ: "ਫਿਰ ਮੈਨੂੰ ਅਹਿਸਾਨ ਬਾਰੇ ਦੱਸੋ?

قَالَ: أَنْ تَعْبُدَ اللَّهَ كَأَنَّكَ تَرَاهُ، فَإِنْ لَمْ تَكُنْ تَرَاهُ فَإِنَّهُ يَرَاكَ.

ਫਰਮਾਇਆ: ਕਿ ਤੁਸੀਂ ਅੱਲਾਹ ਦੀ ਇਬਾਦਤ ਇਸ ਤਰ੍ਹਾਂ ਕਰੋ ਜਿਵੇਂ ਤੁਸੀਂ ਉਸ ਨੂੰ ਦੇਖ ਰਹੇ ਹੋ, ਅਤੇ ਜੇ ਤੁਸੀਂ ਉਸ ਨੂੰ ਨਹੀਂ ਦੇਖ ਰਹੇ ਹੋ, ਤਾਂ ਯਕੀਨਨ ਉਹ ਤੁਹਾਨੂੰ ਦੇਖ ਰਿਹਾ ਹੈ।

قَالَ: فَأَخْبِرْنِي عَنِ السَّاعَةِ؟

ਉਸ ਨੇ ਕਿਹਾ: "ਤਾਂ ਫਿਰ ਮੈਨੂੰ ਕ਼ਯਾਮਤ ਬਾਰੇ ਦੱਸੋ?"

قَالَ: مَا الْمَسْؤُولُ عَنْهَا بِأَعْلَمَ مِنَ السَّائِلِ.

ਉਸ ਨੇ ਕਿਹਾ: ਜਿਸ ਤੋਂ ਇਸ ਬਾਰੇ ਪੁੱਛਿਆ ਗਿਆ ਹੈ, ਉਹ ਪੁੱਛਣ ਵਾਲੇ ਤੋਂ ਵਧੇਰੇ ਜਾਣਕਾਰ ਨਹੀਂ ਹੈ।

قَالَ: فَأَخْبِرْنِي عَنْ أَمَارَاتِهَا؟

ਉਨ੍ਹਾਂ ਨੇ ਪੁੱਛਿਆ: "ਤਾਂ ਫਿਰ ਮੈਨੂੰ ਇਸ ਦੀਆਂ ਨਿਸ਼ਾਨੀਆਂ ਬਾਰੇ ਦੱਸੋ?"

قَالَ: أَنْ تَلِدَ الْأَمَةُ رَبَّتَهَا، وَأَنْ تَرَى الْحُفَاةَ الْعُرَاةَ الْعَالَةَ رِعَاءَ الشَّاءِ، يَتَطَاوَلُونَ فِي الْبُنْيَانِ.

ਅੱਪ ﷺ ਨੇ ਫਰਮਾਇਆ: "ਇਹ ਕਿ ਲੌਂਡੀ ਆਪਣੀ ਮਾਲਕਣ ਨੂੰ ਜਨਮ ਦੇਵੇਗੀ, ਅਤੇ ਤੁਸੀਂ ਨੰਗੇ ਪੈਰੀਂ, ਨੰਗੇ ਸਰੀਰ, ਕੰਗਾਲ, ਭੇਡਾਂ ਦੇ ਚਰਵਾਹਿਆਂ ਨੂੰ ਉੱਚੀਆਂ ਇਮਾਰਤਾਂ ਬਣਾਉਣ ਵਿੱਚ ਇੱਕ ਦੂਜੇ ਨਾਲ ਮੁਕਾਬਲਾ ਕਰਦੇ ਹੋਏ ਦੇਖੋਗੇ।

قَالَ: ثُمَّ انْطَلَقَ فَلَبِثْتُ مَلِيًّا، ثُمَّ قَالَ لِي: يَا عُمَرُ! أَتَدْرِي مَنِ السَّائِلُ؟ قُلْتُ: اللَّهُ وَرَسُولُهُ أَعْلَمُ، قَالَ: فَإِنَّهُ جِبْرِيلُ، أَتَاكُمْ يُعَلِّمُكُمْ دِينَكُمْ".

ਉਸਨੇ ਕਿਹਾ: ਫਿਰ ਉਹ ਚਲਾ ਗਿਆ, ਅਤੇ ਮੈਂ ਕੁਝ ਸਮੇਂ ਲਈ ਰੁਕਿਆ ਰਿਹਾ, ਫਿਰ ਉਸਨੇ ਮੈਨੂੰ ਕਿਹਾ: 'ਹੇ ਉਮਰ! ਕੀ ਤੂੰ ਜਾਣਦਾ ਹੈਂ ਕਿ ਸਵਾਲ ਕਰਨ ਵਾਲਾ ਕੌਣ ਸੀ?' ਮੈਂ ਕਿਹਾ: 'ਅੱਲਾਹ ਅਤੇ ਉਸਦਾ ਰਸੂਲ ਜ਼ਿਆਦਾ ਜਾਣਦੇ ਹਨ।' ਉਸਨੇ ਫਰਮਾਇਆ: 'ਉਹ ਜਿਬਰੀਲ ਸੀ, ਜੋ ਤੁਹਾਨੂੰ ਤੁਹਾਡਾ ਦੀਨ ਸਿਖਾਉਣ ਆਇਆ ਸੀ।'

## [ਤੀਜਾ ਅਸਲ]

ਤੁਹਾਡੇ ਨਬੀ ਮੁਹੰਮਦ ﷺ ਦੀ ਪਛਾਣ: ਉਹ ਮੁਹੰਮਦ ਬਿਨ ਅਬਦੁੱਲਾਹ ਬਿਨ ਅਬਦੁਲ ਮੁੱਤਾਲਿਬ ਬਿਨ ਹਾਸ਼ਿਮ ਹੈ, ਅਤੇ ਹਾਸ਼ਿਮ ਕੁਰੈਸ਼ ਤੋਂ ਹੈ, ਅਤੇ ਕੁਰੈਸ਼ ਅਰਬਾਂ ਤੋਂ ਹੈ, ਅਤੇ ਅਰਬ ਇਬਰਾਹੀਮ ਖਲੀਲ ਦੇ ਪੁੱਤਰ ਇਸਮਾਈਲ ਦੀ ਸੰਤਾਨ ਵਿੱਚੋਂ ਹਨ – ਉਨ੍ਹਾਂ ਉੱਤੇ ਅਤੇ ਸਾਡੇ ਨਬੀ ਉੱਤੇ ਸਭ ਤੋਂ ਵਧੀਆ ਅਸੀਸਾਂ ਅਤੇ ਸ਼ਾਂਤੀ ਹੋਵੇ –।

ਅਤੇ ਆਪ (ਸ.) ਦੀ ਉਮਰ ਤ੍ਰੇਹਠ ਸਾਲ ਸੀ – ਜਿਨ੍ਹਾਂ ਵਿੱਚੋਂ ਚਾਲੀ ਸਾਲ ਨਬੂਵਤ ਤੋਂ ਪਹਿਲਾਂ, ਅਤੇ ਤੇਈ ਸਾਲ ਨਬੀ ਅਤੇ ਰਸੂਲ ਵਜੋਂ ਸਨ।

ਆਪ ﷺ ਨੂੰ 'ਇਕਰਾ' ਨਾਲ ਨਬੀ ਬਣਾਇਆ ਗਿਆ, 'ਅਲ-ਮੁੱਦੱਸਿਰ' ਨਾਲ ਰਸੂਲ ਬਣਾ ਕੇ ਭੇਜਿਆ ਗਿਆ, ਅਤੇ ਆਪ ﷺ ਦਾ ਵਤਨ ਮੱਕਾ ਹੈ।

ਅੱਲਾਹ ਨੇ ਉਸਨੂੰ ਸ਼ਿਰਕ ਤੋਂ ਚੇਤਾਵਨੀ ਦੇਣ ਅਤੇ ਤੌਹੀਦ ਵੱਲ ਬੁਲਾਉਣ ਲਈ ਭੇਜਿਆ ਹੈ; ਅਤੇ ਇਸਦੀ ਦਲੀਲ ਅੱਲਾਹ ਤਆਲਾ ਦਾ ਇਹ ਫ਼ਰਮਾਨ ਹੈ:

﴿يَٰٓأَيُّهَا ٱلۡمُدَّثِّرُ 1 قُمۡ فَأَنذِرۡ 2 وَرَبَّكَ فَكَبِّرۡ 3 وَثِيَابَكَ فَطَهِّرۡ 4 وَٱلرُّجۡزَ فَٱهۡجُرۡ 5 وَلَا تَمۡنُن تَسۡتَكۡثِرُ 6 وَلِرَبِّكَ فَٱصۡبِرۡ 7﴾

ਹੇ ਕਪੜਾ (ਕੰਬਲ) ਓੜ ਲਪੇਟ ਕੇ ਪੈਣ ਵਾਲੇ!

ਉਠੋ ਅਤੇ (ਲੋਕਾਂ ਨੂੰ) ਡਰਾਓ।

ਅਤੇ ਆਪਣੇ ਰੱਬ ਦੀ ਵਡਿਆਈ ਦੀ ਚਰਚਾ ਕਰੋ।

ਅਤੇ ਆਪਣੇ ਕੱਪੜਿਆਂ ਨੂੰ ਪਾਕ-ਸਾਫ਼ ਰੱਖੋ।

ਅਪਵਿੱਤਰਤਾ ਤੋਂ ਦੂਰ ਰਹੋ।

ਵਧੇਰੇ ਪ੍ਰਾਪਤ ਕਰਨ ਲਈ ਅਹਿਸਾਨ ਨਾ ਕਰੋ।

ਅਤੇ ਆਪਣੇ ਰੱਬ ਲਈ ਸਬਰ ਤੋਂ ਕੰਮ ਲਓ। (ਸੂਰਤ ਅਲ-ਮੁੱਦੱਸਿਰ ਆਇਤ-1-7)

ਅਤੇ ਅਰਥ

﴿قُمۡ فَأَنذِرۡ﴾:

ਉਠੋ ਅਤੇ (ਲੋਕਾਂ ਨੂੰ) ਡਰਾਓ। ਸ਼ਿਰਕ ਤੋਂ ਚੇਤਾਵਨੀ ਦਿੰਦਾ ਹੈ, ਅਤੇ ਤੌਹੀਦ ਵੱਲ ਸੱਦਾ ਦਿੰਦਾ ਹੈ।

﴿وَرَبَّكَ فَكَبِّرۡ﴾

ਅਤੇ ਆਪਣੇ ਰੱਬ ਦੀ ਵਡਿਆਈ ਦੀ ਚਰਚਾ ਕਰੋ।

ਅਰਥਾਤ: ਤੌਹੀਦ ਨਾਲ ਉਸ ਦੀ ਵਡਿਆਈ ਕਰ।

﴿وَثِيَابَكَ فَطَهِّرْ﴾

ਅਤੇ ਆਪਣੇ ਕੱਪੜਿਆਂ ਨੂੰ ਪਾਕ-ਸਾਫ਼ ਰੱਖੋ।

ਭਾਵ: ਆਪਣੇ ਅਮਲਾਂ ਨੂੰ ਸ਼ਿਰਕ ਤੋਂ ਪਾਕ ਕਰੋ।

﴿وَٱلرُّجْزَ فَٱهْجُرْ﴾

ਅਪਵਿੱਤਰਤਾ ਤੋਂ ਦੂਰ ਰਹੋ।

ਅਰ-ਰੁਜਜ਼: ਮੂਰਤੀਆਂ। ਅਤੇ ਇਹਨਾਂ ਦਾ ਤਿਆਗ: ਇਹਨਾਂ ਨੂੰ ਛੱਡਣਾ, ਅਤੇ ਇਹਨਾਂ ਤੋਂ ਅਤੇ ਇਹਨਾਂ ਦੇ ਪੁਜਾਰੀਆਂ ਤੋਂ ਵੱਖ ਹੋਣਾ।

ਉਨ੍ਹਾਂ ਨੇ ਦਸ ਸਾਲ ਤੌਹੀਦ ਦਾ ਪ੍ਰਚਾਰ ਕੀਤਾ। ਦਸ ਸਾਲਾਂ ਬਾਅਦ, ਉਨ੍ਹਾਂ ਨੂੰ ਸਵਰਗ ਵੱਲ ਲਿਜਾਇਆ ਗਿਆ ਅਤੇ ਉਨ੍ਹਾਂ 'ਤੇ ਪੰਜ ਵਕਤ ਦੀ ਨਮਾਜ਼ ਫਰਜ਼ ਕੀਤੀ ਗਈ। ਉਨ੍ਹਾਂ ਨੇ ਮੱਕਾ ਵਿੱਚ ਤਿੰਨ ਸਾਲ ਨਮਾਜ਼ ਪੜ੍ਹੀ, ਅਤੇ ਇਸ ਤੋਂ ਬਾਅਦ ਉਨ੍ਹਾਂ ਨੂੰ ਮਦੀਨਾ ਵੱਲ ਹਿਜਰਤ ਕਰਨ ਦਾ ਹੁਕਮ ਹੋਇਆ।

ਅਤੇ ਹਿਜਰਤ ਬਹੁਦੇਵਵਾਦ ਦੀ ਧਰਤੀ ਤੋਂ ਇਸਲਾਮ ਦੀ ਧਰਤੀ ਵੱਲ ਜਾਣਾ ਹੈ।

ਇਸ ਉੱਮਤ 'ਤੇ ਸ਼ਿਰਕ ਦੇ ਦੇਸ਼ ਤੋਂ ਇਸਲਾਮ ਦੇ ਦੇਸ਼ ਵੱਲ ਹਿਜਰਤ ਕਰਨਾ ਫਰਜ਼ ਹੈ, ਅਤੇ ਇਹ ਕਿਆਮਤ ਤੱਕ ਜਾਰੀ ਰਹੇਗੀ।

ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿إِنَّ ٱلَّذِينَ تَوَفَّىٰهُمُ ٱلْمَلَٰٓئِكَةُ ظَالِمِيٓ أَنفُسِهِمۡ قَالُواْ فِيمَ كُنتُمۡۖ قَالُواْ كُنَّا مُسۡتَضۡعَفِينَ فِي ٱلۡأَرۡضِۚ قَالُوٓاْ أَلَمۡ تَكُنۡ أَرۡضُ ٱللَّهِ وَٰسِعَةٗ فَتُهَاجِرُواْ فِيهَاۚ فَأُوْلَٰٓئِكَ مَأۡوَىٰهُمۡ جَهَنَّمُۖ وَسَآءَتۡ مَصِيرًا97 إِلَّا ٱلۡمُسۡتَضۡعَفِينَ مِنَ ٱلرِّجَالِ وَٱلنِّسَآءِ وَٱلۡوِلۡدَٰنِ لَا يَسۡتَطِيعُونَ حِيلَةٗ وَلَا يَهۡتَدُونَ سَبِيلٗا98﴾

ਜਿਹੜੇ (ਮੁਸਲਮਾਨ) ਲੋਕ ਕਾਫ਼ਿਰਾਂ ਵਿਚ ਰਹਿੰਦੇ ਹੋਏ ਆਪਣੇ ਆਪ 'ਤੇ ਜ਼ੁਲਮ ਕਰਦੇ ਹਨ, ਜਦੋਂ ਫ਼ਰਿਸ਼ਤੇ ਉਹਨਾਂ ਦੀ ਰੂਹ ਕੱਢਦੇ

ਹਨ ਤਾਂ ਪੁੱਛਦੇ ਹਨ ਕਿ ਤੁਸੀਂ ਇੱਥੇ ਕਿਸ ਹਾਲ ਵਿਚ ਰਹਿੰਦੇ ਸੀ? ਉਹ ਉੱਤਰ ਦਿੰਦੇ ਹਨ ਕਿ ਅਸੀਂ ਧਰਤੀ ਉੱਤੇ ਬਹੁਤ ਹੀ ਕਮਜ਼ੋਰ ਸਾਂ। (ਭਾਵ ਕੁੱਝ ਨਹੀਂ ਸੀ ਕਰ ਸਕਦੇ) ਫ਼ਰਿਸ਼ਤੇ ਆਖਦੇ ਹਨ, ਕੀ ਅੱਲਾਹ ਦੀ ਧਰਤੀ ਵਿਸ਼ਾਲ ਨਹੀਂ ਸੀ? ਕਿ ਤੁਸੀਂ ਉੱਥੇ ਤੋਂ ਹਿਜਰਤ ਕਰ ਜਾਂਦੇ। ਇਹੋ ਲੋਕ ਹਨ, ਜਿਨ੍ਹਾਂ ਦਾ ਟਿਕਾਣਾ ਨਰਕ ਹੇ ਅਤੇ ਉਹ ਬਹੁਤ ਹੀ ਭੈੜਾ ਟਿਕਾਣਾ ਹੇ।

ਹਾਂ ਜਿਹੜੇ ਪੁਰਸ਼, ਇਸਤਰੀਆਂ ਅਤੇ ਬੱਚੇ ਜਿਹੜੇ ਵਾਸਤਵ ਵਿਚ ਹੀ ਬੇਵਸ ਹਨ, ਨਾ ਹੀ ਉਹਨਾਂ ਕੋਲ ਨਿੱਕਲਣ ਦਾ ਕੋਈ ਸਾਧਨ ਹੇ ਅਤੇ ਨਾ ਹੀ ਉਹਨਾਂ ਨੂੰ ਕਿਸੇ ਰਸਤੇ ਦਾ ਪਤਾ ਹੇ। [ਅਨ-ਨਿਸਾ: 97-98].

ਅਤੇ ਰੱਬ ਤਆਲਾ ਦਾ ਫ਼ਰਮਾਨ:

﴿يَٰعِبَادِيَ ٱلَّذِينَ ءَامَنُوٓاْ إِنَّ أَرۡضِي وَٰسِعَةٞ فَإِيَّٰيَ فَٱعۡبُدُونِ56﴾

(ਅੱਲਾਹ ਫ਼ਰਮਾਉਂਦਾ ਹੈ ਕਿ) ਹੇ ਮੇਰੇ ਈਮਾਨ ਵਾਲੇ ਬੰਦਿਓ! ਮੇਰੀ ਧਰਤੀ ਬਹੁਤ ਵਿਸ਼ਾਲ ਹੈ (ਜੇ ਇਹ ਕਾਫ਼ਿਰ ਤੁਹਾਨੂੰ ਤੰਗ ਕਰਦੇ ਹਨ ਤਾਂ ਇੱਥੋਂ ਨਿਕਲ ਜਾਓ) ਸੋ ਤੁਸੀਂ ਮੇਰੀ ਹੀ ਬੰਦਗੀ ਕਰੋ। (ਸੂਰਤ ਅਲ-ਅਨਕਬੂਤ ਆਇਤ:56)

ਅਲ-ਬਗ਼ਵੀ (ਰੱਬ ਉਹਨਾਂ 'ਤੇ ਰਹਿਮ ਕਰੇ) ਨੇ ਕਿਹਾ: ਇਸ ਆਇਤ ਦੇ ਨਾਜ਼ਿਲ ਹੋਣ ਦਾ ਕਾਰਨ: ਮੱਕੇ ਦੇ ਉਹ ਮੁਸਲਮਾਨ ਜਿਨ੍ਹਾਂ ਨੇ ਹਿਜਰਤ ਨਹੀਂ ਕੀਤੀ ਸੀ, ਅੱਲਾਹ ਨੇ ਉਨ੍ਹਾਂ ਨੂੰ ਈਮਾਨ ਦੇ ਨਾਮ ਨਾਲ ਪੁਕਾਰਿਆ।

ਸੁੰਨਤ ਤੋਂ ਹਿਜਰਤ ਦਾ ਸਬੂਤ ਉਨ੍ਹਾਂ ਦਾ ਇਹ ਕਥਨ ਹੈ:

"لَا تَنْقَطِعُ الهِجْرَةُ حَتَّى تَنْقَطِعَ التَّوْبَةُ، وَلَا تَنْقَطِعُ التَّوْبَةُ حَتَّى تَطْلُعَ الشَّمْسُ مِنْ مَغْرِبِهَا".

ਹਿਜਰਤ ਉਸ ਵੇਲੇ ਤੱਕ ਬੰਦ ਨਹੀਂ ਹੁੰਦੀ ਜਦ ਤੱਕ ਤੌਬਾ ਬੰਦ ਨਹੀਂ ਹੋ ਜਾਂਦੀ, ਅਤੇ ਤੌਬਾ ਉਸ ਵੇਲੇ ਤੱਕ ਬੰਦ ਨਹੀਂ ਹੁੰਦੀ ਜਦ ਤੱਕ ਸੂਰਜ ਪੱਛਮ ਵੱਲੋਂ ਚੜ੍ਹ ਨਾ ਜਾਏ।

ਜਦੋਂ ਆਪ (ਸ.) ਮਦੀਨਾ ਵਿੱਚ ਵਸ ਗਏ, ਤਾਂ ਆਪ (ਸ.) ਨੂੰ ਇਸਲਾਮ ਦੇ ਬਾਕੀ ਕਾਨੂੰਨਾਂ ਦਾ ਹੁਕਮ ਦਿੱਤਾ ਗਿਆ - ਜਿਵੇਂ ਕਿ: ਜ਼ਕਾਤ, ਵਰਤ, ਹੱਜ, ਅਜ਼ਾਨ, ਜੇਹਾਦ, ਨੇਕੀ ਦਾ ਹੁਕਮ ਦੇਣਾ ਅਤੇ ਬੁਰਾਈ ਤੋਂ ਰੋਕਣਾ। ਆਪ (ਸ.) ਨੇ ਇਸ ਕੰਮ ਵਿੱਚ ਦਸ ਸਾਲ ਲਗਾਏ।

ਆਪ ﷺ ਵਫ਼ਾਤ ਪਾ ਗਏ ਅਤੇ ਉਹਨਾਂ ਦਾ ਧਰਮ ਬਾਕੀ ਹੈ। ਅਤੇ ਇਹ ਉਹਨਾਂ ਦਾ ਧਰਮ ਹੈ: ਕੋਈ ਭਲਾਈ ਐਸੀ ਨਹੀਂ ਜਿਸ ਬਾਰੇ ਆਪ ਨੇ ਕੌਮ ਨੂੰ ਨਾ ਦੱਸਿਆ ਹੋਵੇ, ਅਤੇ ਨਾ ਹੀ ਕੋਈ ਬੁਰਾਈ ਐਸੀ ਹੈ ਜਿਸ ਤੋਂ ਆਪ ਨੇ ਉਸਨੂੰ ਖ਼ਬਰਦਾਰ ਨਾ ਕੀਤਾ ਹੋਵੇ।

ਅਤੇ ਜਿਸ ਭਲਾਈ ਵੱਲ ਰਹਿਨੁਮਾਈ ਕੀਤੀ ਗਈ, ਉਹ ਤੌਹੀਦ ਹੈ, ਅਤੇ ਹਰ ਉਹ ਚੀਜ਼ ਜਿਸਨੂੰ ਅੱਲਾਹ ਪਸੰਦ ਕਰਦਾ ਹੈ ਅਤੇ ਉਸ ਤੋਂ ਰਾਜ਼ੀ ਹੁੰਦਾ ਹੈ।

ਅਤੇ ਜਿਸ ਸ਼ਰ ਤੋਂ ਉਸਨੇ ਡਰਾਇਆ ਹੈ, ਉਹ ਹੈ: ਸ਼ਿਰਕ, ਅਤੇ ਹਰ ਉਹ ਚੀਜ਼ ਜਿਸ ਨੂੰ ਅੱਲਾਹ ਤਆਲਾ ਨਾਪਸੰਦ ਕਰਦਾ ਹੈ ਅਤੇ ਉਸ ਤੋਂ ਰੋਕਦਾ ਹੈ।

ਅੱਲਾਹ ਨੇ ਉਸਨੂੰ ਸਾਰੇ ਲੋਕਾਂ ਵੱਲ ਭੇਜਿਆ, ਅਤੇ ਸਾਰੇ ਜਿੰਨਾਂ ਅਤੇ ਇਨਸਾਨਾਂ 'ਤੇ ਉਸਦੀ ਆਗਿਆਕਾਰੀ ਨੂੰ ਲਾਜ਼ਮੀ ਕਰ ਦਿੱਤਾ; ਅਤੇ ਇਸਦੀ ਦਲੀਲ ਅੱਲਾਹ ਤਆਲਾ ਦਾ ਇਹ ਫ਼ਰਮਾਨ ਹੈ:

﴿قُلۡ يَٰٓأَيُّهَا ٱلنَّاسُ إِنِّي رَسُولُ ٱللَّهِ إِلَيۡكُمۡ جَمِيعًا...﴾

(ਹੇ ਮੁਹੰਮਦ ਸ :!) ਕਹਿਦਿਓ ਕਿ ਹੇ ਲੋਕੋ! ਮੈਂ ਤੁਹਾਡੇ ਸਾਰਿਆਂ ਲਈ ਪੈਗ਼ੰਬਰ ਬਣਾ ਕੇ ਉਸ ਅੱਲਾਹ ਵੱਲੋਂ ਭੇਜਿਆ ਗਿਆ ਹਾਂ... [ਸੂਰਤ ਅਲ-ਆਰਾਫ: 158]

ਅਤੇ ਅੱਲਾਹ ਨੇ ਉਸਦੇ ਦੁਆਰਾ ਦੀਨ ਨੂੰ ਮੁਕੰਮਲ ਕੀਤਾ; ਅਤੇ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿...ٱلۡيَوۡمَ أَكۡمَلۡتُ لَكُمۡ دِينَكُمۡ وَأَتۡمَمۡتُ عَلَيۡكُمۡ نِعۡمَتِي وَرَضِيتُ لَكُمُ ٱلۡإِسۡلَٰمَ دِينٗاۚ...﴾

ਅੱਜ ਮੈਨੇ (ਅੱਲਾਹ ਨੇ) ਤੁਹਾਡੇ ਲਈ ਤੁਹਾਡਾ ਦੀਨ (ਧਰਮ) ਨੂੰ ਮੁਕੱਮਲ ਕਰ ਦਿੱਤਾ ਹੇ ਅਤੇ ਤੁਹਾਡੇ ਉੱਤੇ ਆਪਣੀ ਨਿਅਮਤ ਪੂਰੀ ਉਤਾਰ ਛੱਡੀ ਹੇ ਅਤੇ ਤੁਹਾਡੇ ਲਈ ਇਸਲਾਮ ਨੂੰ ਧਰਮ ਵਜੋਂ ਪਸੰਦ ਕੀਤਾ ਹੇ। ਸੂਰਤ ਅਲ-ਮਾਈਦਾ: 3

ਉਸਦੀ ਮੌਤ ਦਾ ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿إِنَّكَ مَيِّتٞ وَإِنَّهُم مَّيِّتُونَ30 ثُمَّ إِنَّكُمۡ يَوۡمَ ٱلۡقِيَٰمَةِ عِندَ رَبِّكُمۡ تَخۡتَصِمُونَ31﴾

(ਹੇ ਨਬੀ!) ਹਕੀਕਤ ਇਹ ਹੈ ਕਿ ਤੁਸੀਂ ਵੀ ਮਰਨਾ ਹੈ ਅਤੇ ਉਹ ਸਾਰੇ ਵੀ ਮਰਨ ਵਾਲੇ ਹਨ।

ਫੇਰ ਤੁਸੀਂ ਸਾਰੇ ਕਿਆਮਤ ਦਿਹਾੜੇ ਆਪਣੇ ਰੱਬ ਦੇ ਹਜ਼ੂਰ ਝਗੜਾ ਕਰੋਗੇ। [ਸੂਰਤ ਅਜ਼-ਜ਼ੁਮਰ: 30-31]

ਅਤੇ ਲੋਕ ਜਦੋਂ ਮਰ ਜਾਂਦੇ ਹਨ, ਤਾਂ ਉਨ੍ਹਾਂ ਨੂੰ ਦੁਬਾਰਾ ਉਠਾਇਆ ਜਾਵੇਗਾ; ਅਤੇ ਇਸਦਾ ਸਬੂਤ ਅੱਲਾਹ ਤਆਲਾ ਦਾ ਇਹ ਫੁਰਮਾਨ ਹੈ:

﴿مِنۡهَا خَلَقۡنَٰكُمۡ وَفِيهَا نُعِيدُكُمۡ وَمِنۡهَا نُخۡرِجُكُمۡ تَارَةً أُخۡرَىٰ55﴾

ਅਸੀਂ ਇਸੇ (ਮਿੱਟੀ) ਵਿੱਚੋਂ ਤੁਹਾਨੂੰ ਪੈਦਾ ਕੀਤਾ ਹੈ ਅਤੇ ਫੇਰ ਇਸੇ ਵਿਚ ਤੁਹਾਨੂੰ ਮੁੜ ਪਰਤਾ ਦੇਵਾਂਗੇ ਅਤੇ ਮੁੜ ਤੁਹਾਨੂੰ ਇਸੇ ਵਿੱਚੋਂ ਦੋਬਾਰਾ ਕੱਢਾਂਗੇ। (ਸੂਰਤ ਤਾ-ਹਾ ਆਇਤ -55) ਅਤੇ ਰੱਬ ਤਆਲਾ ਦਾ ਫ਼ਰਮਾਨ:

﴿وَٱللَّهُ أَنۢبَتَكُم مِّنَ ٱلۡأَرۡضِ نَبَاتٗا17 ثُمَّ يُعِيدُكُمۡ فِيهَا وَيُخۡرِجُكُمۡ إِخۡرَاجٗا18﴾

ਅਤੇ ਅੱਲਾਹ ਨੇ ਤੁਹਾਨੂੰ ਧਰਤੀਓ (ਅਦਭੁਤ ਰੂਪ ਨਾਲ) ਉਗਾਇਆ ਹੈ।

ਫੇਰ ਉਹ ਤੁਹਾਨੂੰ ਇਸੇ ਧਰਤੀ ਵਿਚ ਮੋੜ ਲਿਆਵੇਗਾ ਅਤੇ ਉਹ ਤੁਹਾਨੂੰ ਇਸੇ ਵਿੱਚੋਂ ਮੁੜ ਕੱਢੇਗਾ। (ਸੂਰਤ ਨੂਹ ਆਇਤ-17-18)

ਅਤੇ ਪੁਨਰ-ਉਥਾਨ ਤੋਂ ਬਾਅਦ, (ਲੋਕਾਂ ਦਾ) ਹਿਸਾਬ ਲਿਆ ਜਾਵੇਗਾ ਅਤੇ ਉਨ੍ਹਾਂ ਦੇ ਅਮਲਾਂ ਦਾ ਬਦਲਾ ਦਿੱਤਾ ਜਾਵੇਗਾ; ਅਤੇ ਇਸਦੀ ਦਲੀਲ ਅੱਲਾਹ ਤਆਲਾ ਦਾ ਇਹ ਫ਼ਰਮਾਨ ਹੈ:

﴿...لِيَجْزِيَ ٱلَّذِينَ أَسَٰٓـُٔواْ بِمَا عَمِلُواْ وَيَجْزِيَ ٱلَّذِينَ أَحْسَنُواْ بِٱلْحُسْنَى﴾

...ਸੋ ਉਹ ਉਹਨਾਂ ਲੋਕਾਂ ਨੂੰ ਜਿਨ੍ਹਾਂ ਨੇ (ਸੰਸਾਰ ਵਿਚ) ਬੁਰਾਈਆਂ ਕੀਤੀਆਂ ਹਨ ਉਹਨਾਂ ਦੀਆਂ ਕਰਣੀਆਂ ਦੀ ਸਜ਼ਾ ਦੇਵੇ ਅਤੇ ਜਿਨ੍ਹਾਂ ਨੇ ਨੇਕੀਆਂ ਕੀਤੀਆਂ ਹਨ ਉਹਨਾਂ ਨੂੰ ਵਧੀਆ ਬਦਲਾ ਦੇਵੇ। (ਸੂਰਤ ਅਨ-ਨਜਮ ਆਇਤ-31)

ਅਤੇ ਜਿਸਨੇ ਮਰਨ ਤੋਂ ਬਾਅਦ ਜੀ ਉੱਠਣ ਨੂੰ ਝੁਠਲਾਇਆ, ਉਸਨੇ ਕੁਫ਼ਰ ਕੀਤਾ; ਅਤੇ ਇਸਦੀ ਦਲੀਲ ਅੱਲਾਹ ਤਆਲਾ ਦਾ ਇਹ ਫ਼ਰਮਾਨ ਹੈ:

﴿زَعَمَ ٱلَّذِينَ كَفَرُوٓاْ أَن لَّن يُبْعَثُواْۚ قُلْ بَلَىٰ وَرَبِّي لَتُبْعَثُنَّ ثُمَّ لَتُنَبَّؤُنَّ بِمَا عَمِلْتُمْۚ وَذَٰلِكَ عَلَى ٱللَّهِ يَسِيرٌ 7﴾

ਇਨਕਾਰੀਆਂ ਦਾ ਦਾਅਵਾ ਇਹ ਹੈ ਕਿ ਉਹਨਾਂ ਨੂੰ (ਕਬਰਾਂ ਵਿੱਚੋਂ) ਕਦੇ ਵੀ (ਜਿਊਂਦਾ) ਉਠਾਇਆ ਨਹੀਂ ਜਾਵੇਗਾ। (ਹੇ ਨਬੀ!) ਆਖ ਦਿਓ, ਕਿਉਂ ਨਹੀਂ, ਮੇਰੇ ਰੱਬ ਦੀ ਸੁੰਹ ਤੁਹਾਨੂੰ ਜ਼ਰੂਰ ਉਠਾਇਆ ਜਾਵੇਗਾ, ਫੇਰ ਤੁਹਾਨੂੰ ਦੱਸਿਆ ਜਾਵੇਗਾ ਜੋ ਤੁਸੀਂ (ਸੰਸਾਰ ਵਿਚ) ਕਰਦੇ ਸੀ। ਇਹ ਕੰਮ ਕਰਨਾ ਅੱਲਾਹ ਲਈ ਬਹੁਤ ਹੀ ਸੌਖਾ ਹੈ। [ਸੂਰਤ ਅਤ-ਤਗ਼ਾਬੁਨ: 7]

ਅਤੇ ਅੱਲਾਹ ਨੇ ਸਾਰੇ ਰਸੂਲਾਂ ਨੂੰ ਖ਼ੁਸ਼ਖ਼ਬਰੀਆਂ ਸੁਣਾਉਣ ਵਾਲੇ ਅਤੇ ਡਰਾਉਣ ਵਾਲੇ ਬਣਾ ਕੇ ਭੇਜਿਆ; ਅਤੇ ਦਲੀਲ ਅੱਲਾਹ ਤਆਲਾ ਦਾ ਇਹ ਕਥਨ ਹੈ:

﴿رُّسُلًا مُّبَشِّرِينَ وَمُنذِرِينَ لِئَلَّا يَكُونَ لِلنَّاسِ عَلَى ٱللَّهِ حُجَّةُۢ بَعۡدَ ٱلرُّسُلِۚ...﴾

ਅਸੀਂ ਲੋਕਾਂ ਨੂੰ ਖ਼ੁਸ਼ਖ਼ਬਰੀਆਂ ਸੁਣਾਉਣ ਵਾਲੇ ਅਤੇ ਰੱਬ ਦੇ ਅਜ਼ਾਬ ਤੋਂ ਡਰਾਉਣ ਵਾਲੇ ਰਸੂਲ ਭੇਜੇ ਤਾਂ ਜੋ ਲੋਕਾਂ ਕੋਲ ਰਸੂਲਾਂ ਤੋਂ ਬਾਅਦ ਅੱਲਾਹ ਦੇ ਸਿਰ ਕੋਈ ਆਰੋਪ ਲਾਉਣ ਦਾ ਬਹਾਨਾ ਨਾ ਰਹੇ... (ਸੂਰਤ ਅਨ-ਨਿਸਾ ਆਇਤ-165)

ਅਤੇ ਉਹਨਾਂ ਵਿੱਚੋਂ ਪਹਿਲਾ ਨੂਹ ਅਲੈਹਿਸ਼ ਸ਼ਾਂ ਹਨ।

ਅਤੇ ਉਨ੍ਹਾਂ ਵਿੱਚੋਂ ਆਖਰੀ ਮੁਹੰਮਦ (ਸ.) ਹਨ, ਅਤੇ ਉਹ ਨਬੀਆਂ ਦੇ ਸਿਲ-ਸਿਲੇ ਦੀ ਅੰਤਿਮ ਕੜੀ ਹਨ; ਉਨ੍ਹਾਂ ਤੋਂ ਬਾਅਦ ਕੋਈ ਨਬੀ ਨਹੀਂ ਹੋਵੇਗਾ। ਅਤੇ ਇਸਦੀ ਦਲੀਲ ਅੱਲਾਹ ਤਆਲਾ ਦਾ ਇਹ ਫ਼ੁਰਮਾਨ ਹੈ:

﴿مَّا كَانَ مُحَمَّدٌ أَبَآ أَحَدٍ مِّن رِّجَالِكُمۡ وَلَٰكِن رَّسُولَ ٱللَّهِ وَخَاتَمَ ٱلنَّبِيِّـۧنَ...﴾

(ਹੇ ਲੋਕੋ! ਸੁਣੋ ਕਿ) ਮੁਹੰਮਦ (ਸ:) ਤੁਹਾਡੇ ਲੋਕਾਂ ਵਿੱਚੋਂ ਕਿਸੇ ਦੇ ਵੀ ਪਿਤਾ ਨਹੀਂ ਪਰ ਉਹ ਅੱਲਾਹ ਦੇ ਰਸੂਲ ਅਤੇ ਸਾਰੇ ਨਬੀਆਂ ਦੇ ਸਮਾਪਕ ਹਨ... [ਸੂਰਤ ਅਲ-ਅਹਜ਼ਾਬ: 40]

ਅਤੇ ਇਸ ਗੱਲ ਦੀ ਦਲੀਲ ਕਿ ਉਹਨਾਂ ਵਿੱਚੋਂ ਪਹਿਲਾ ਨੂਹ ਹਨ: ਅੱਲਾਹ ਤਆਲਾ ਦਾ ਇਹ ਫਰਮਾਨ:

﴿إِنَّآ أَوۡحَيۡنَآ إِلَيۡكَ كَمَآ أَوۡحَيۡنَآ إِلَىٰ نُوحٖ وَٱلنَّبِيِّـۧنَ مِنۢ بَعۡدِهِۦ...﴾

(ਹੇ ਨਬੀ!) ਬੇਸ਼ੱਕ ਅਸੀਂ ਤੁਹਾਡੇ ਵੱਲ ਉਸੇ ਪ੍ਰਕਾਰ ਵਹੀ (ਰੱਬੀ ਪੈਗ਼ਾਮ) ਭੇਜਿਆ ਹੈ ਜਿਵੇਂ ਨੂਹ ਅਤੇ ਇਸ ਤੋਂ ਬਾਅਦ ਵਾਲੇ ਨਬੀਆਂ ਵੱਲ (ਵਹੀ) ਭੇਜੀ ਸੀ... (ਸੂਰਤ ਅਨ-ਨਿਸਾ-163)

ਅਤੇ ਅੱਲਾਹ ਨੇ ਹਰ ਉੱਮਤ ਵੱਲ ਇੱਕ ਰਸੂਲ ਭੇਜਿਆ - ਨੂਹ ਤੋਂ ਲੈ ਕੇ ਮੁਹੰਮਦ ਤੱਕ - ਜੋ ਉਹਨਾਂ ਨੂੰ ਕੇਵਲ ਇੱਕ ਅੱਲਾਹ ਦੀ ਇਬਾਦਤ ਕਰਨ ਦਾ ਹੁਕਮ ਦਿੰਦਾ, ਅਤੇ ਤਾਗ਼ੂਤ ਦੀ ਇਬਾਦਤ ਤੋਂ ਮਨ੍ਹਾ ਕਰਦਾ ਸੀ। ਅਤੇ ਇਸਦੀ ਦਲੀਲ ਅੱਲਾਹ ਤਆਲਾ ਦਾ ਇਹ ਫ਼ਰਮਾਨ ਹੈ:

﴿وَلَقَدۡ بَعَثۡنَا فِي كُلِّ أُمَّةٖ رَّسُولًا أَنِ ٱعۡبُدُواْ ٱللَّهَ وَٱجۡتَنِبُواْ ٱلطَّٰغُوتَ...﴾

ਅਸੀਂ ਹਰ ਉੱਮਤ ਵਿਚ ਇਕ ਰਸੂਲ (ਇਹ ਦੱਸਣ ਲਈ) ਭੇਜਿਆ ਕਿ ਕੇਵਲ ਇਕ ਅੱਲਾਹ ਦੀ ਹੀ ਬੰਦਗੀ ਕਰੋ ਅਤੇ ਤਾਗ਼ੂਤ ਤੋਂ ਬਚੋ... (ਸੂਰਤ ਅਨ-ਨਹਲ: 36)

ਅਤੇ ਅੱਲਾਹ ਨੇ ਸਾਰੇ ਬੰਦਿਆਂ 'ਤੇ ਲਾਜ਼ਮੀ ਕਰ ਦਿੱਤਾ ਹੈ: ਤਾਗੂਤ ਦਾ ਇਨਕਾਰ ਕਰਨਾ, ਅਤੇ ਅੱਲਾਹ 'ਤੇ ਈਮਾਨ ਲਿਆਉਣਾ।

ਇਬਨ ਅਲ-ਕਯਿਮ, ਰੱਬ ਉਸ ਉੱਤੇ ਰਹਿਮ ਕਰੇ, ਨੇ ਕਿਹਾ: ਤਾਗੂਤ ਦਾ ਅਰਥ ਹੈ: ਉਹ ਜਿਸ ਨਾਲ ਬੰਦਾ ਆਪਣੀ ਹੱਦ ਤੋਂ ਅੱਗੇ ਵੱਧ ਜਾਂਦਾ ਹੈ - ਮਾਬੂਦ (ਜਿਸ ਦੀ ਪੂਜਾ ਕੀਤੀ ਜਾਵੇ), ਜਾਂ ਮਤਬੂਅ (ਜਿਸ ਦੀ ਪੈਰਵੀ ਕੀਤੀ ਜਾਵੇ), ਜਾਂ ਮੁਤਾਅ (ਜਿਸ ਦਾ ਹੁਕਮ ਮੰਨਿਆ ਜਾਵੇ)।

ਅਤੇ ਤਾਗ਼ੂਤ ਬਹੁਤ ਸਾਰੇ ਹਨ, ਅਤੇ ਉਹਨਾਂ ਦੇ ਮੁਖੀ ਪੰਜ ਹਨ: ਇਬਲੀਸ (ਅੱਲਾਹ ਦੀ ਉਸ ਉੱਤੇ ਲਾਹਨਤ ਹੋਵੇ), ਉਹ ਜਿਸ ਦੀ ਇਬਾਦਤ ਕੀਤੀ ਜਾਵੇ ਅਤੇ ਉਹ ਇਸ 'ਤੇ ਰਾਜ਼ੀ ਹੋਵੇ, ਉਹ ਜਿਹੜਾ ਲੋਕਾਂ ਨੂੰ ਆਪਣੀ ਇਬਾਦਤ ਵੱਲ ਬੁਲਾਵੇ, ਉਹ ਜਿਹੜਾ ਗ਼ੈਬ ਦੇ ਇਲਮ ਵਿੱਚੋਂ ਕੁਝ ਜਾਣਨ ਦਾ ਦਾਅਵਾ ਕਰੇ, ਅਤੇ ਉਹ ਜਿਹੜਾ ਅੱਲਾਹ ਦੇ ਨਾਜ਼ਿਲ ਕੀਤੇ ਹੋਏ ਤੋਂ ਬਿਨਾਂ ਸ਼ਾਸਨ ਕਰੇ।

ਸਬੂਤ: ਅੱਲਾਹ ਤਆਲਾ ਦਾ ਕਹਿਣਾ ਹੈ:

﴿لَآ إِكۡرَاهَ فِي ٱلدِّينِۖ قَد تَّبَيَّنَ ٱلرُّشۡدُ مِنَ ٱلۡغَيِّۚ فَمَن يَكۡفُرۡ بِٱلطَّٰغُوتِ وَيُؤۡمِنۢ بِٱللَّهِ فَقَدِ ٱسۡتَمۡسَكَ بِٱلۡعُرۡوَةِ ٱلۡوُثۡقَىٰ لَا ٱنفِصَامَ لَهَاۗ وَٱللَّهُ سَمِيعٌ عَلِيمٌ256﴾

ਧਰਮ ਦੇ ਸੰਬੰਧ ਵਿਚ ਕੋਈ ਜ਼ੋਰ ਜ਼ਬਰਦਸਤੀ ਨਹੀਂ, ਕਿਉਂ ਜੋ ਹਿਦਾਇਤ (ਸੱਚਾ ਧਰਮ) ਗੁਮਰਾਹੀ (ਝੂਠੇ ਧਰਮਾਂ) ਤੋਂ ਸਪਸ਼ਟ ਹੋ ਚੁੱਕੀ ਹੈ। ਸੋ ਜਿਹੜਾ ਕੋਈ ਤਾਗ਼ੂਤ (ਅੱਲਾਹ ਤੋਂ ਛੁੱਟ ਦੂਜੇ ਇਸ਼ਟ) ਦਾ ਇਨਕਾਰ ਕਰੇ ਅਤੇ ਅੱਲਾਹ 'ਤੇ ਈਮਾਨ ਲੈ ਆਵੇ ਉਸ ਵਿਅਕਤੀ ਨੇ ਇਕ ਮਜ਼ਬੂਤ ਸਹਾਰੇ ਨੂੰ ਫੜ ਲਿਆ ਨੂੰ ਜਿਹੜਾ ਟੁਟਣ ਵਾਲਾ ਨਹੀਂ। ਅੱਲਾਹ (ਹਰ ਗੱਲ ਨੂੰ) ਭਲੀ-ਭਾਂਤ ਜਾਣਨ ਵਾਲਾ ਅਤੇ ਸੁਣਨ ਵਾਲਾ ਹੈ। (ਸੂਰਤ ਅਲ-ਬਕਰਹ ਆਇਤ-256) ਅਤੇ ਇਹ ਹੀ "ਲਾ ਇਲਾਹ ਇੱਲੱਲਾਹ" ਦਾ ਅਰਥ ਹੈ, ਅਤੇ ਹਦੀਸ ਵਿੱਚ ਹੈ:

"رَأْسُ الأَمْرِ: الإِسْلَامُ، وَعَمُودُهُ: الصَّلَاةُ، وَذِرْوَةُ سَنَامِهِ: الجِهَادُ فِي سَبِيلِ اللَّهِ".

ਮਾਮਲੇ ਦਾ ਸਿਰ (ਮੂਲ): ਇਸਲਾਮ ਹੈ, ਅਤੇ ਉਸਦਾ ਸਥੰਭ (ਖੰਭ): ਨਮਾਜ਼ ਹੈ, ਅਤੇ ਉਸਦੀ ਚੋਟੀ ਤੇ ਉਚਾਈ: ਅੱਲਾਹ ਦੇ ਰਾਹ ਵਿੱਚ ਜਿਹਾਦ ਹੈ।

ਅਤੇ ਅੱਲਾਹ ਤਆਲਾ ਸਭ ਤੋਂ ਵਧੀਆ ਜਾਣਦਾ ਹੈ।

# Index

ਤਿੰਨ ਉਸੂਲ ਅਤੇ ਉਹਨਾਂ ਦੇ ਸਬੂਤ ........ 2
ਤਿੰਨ ਬੁਨਿਆਦੀ ਅਸੂਲ ਅਤੇ ਉਹਨਾਂ ਦੇ ਸਬੂਤ ........ 2
[ਪਹਿਲਾ ਮੂਲ] ........ 6
[ਦੂਜਾ ਅਸਲ] ........ 13
[ਤੀਜਾ ਅਸਲ] ........ 21

pa36v2.0 - 03/09/2026